ਸ਼ਨੀਵਾਰ, 24 ਅਕਤੂਬਰ, 2026
8 ਕੱਤਕ { ਨਾਨਕਸ਼ਾਹੀ 558 / ਬਿਕ੍ਰਮੀ 2083
ਜਿਲਦ/VOL. : 75
ਅੰਕ/NO. : 144

ਰੋਜ਼ਾਨਾ
# ਨਵਾਂ ਜ਼ਮਾਨਾ
DAILY NAWAN ZAMANA • SATURDAY, 24 OCTOBER, 2026 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160
YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਐੱਸ ਆਈ ਆਰ ਖਿਲਾਫ ਮਤਾ ਪਾਸ

**ਚੰਡੀਗੜ੍ਹ (ਗੁਰਜੀਤ ਬਿੱਲਾ, ਸੁਰਜੀਤ ਸੁਮਨ)**

ਪੰਜਾਬ ਵਿਧਾਨ ਸਭਾ 'ਚ ਸ਼ੁੱਕਰਵਾਰ ਨੂੰ ਸਦਨ ਨੇ ਐੱਸ ਆਈ ਆਰ ਤੇ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਖ਼ਿਲਾਫ਼ ਮਤਾ ਪਾਸ ਕੀਤਾ ਅਤੇ ਵੋਟਰ ਸੂਚੀਆਂ 'ਚ ਬੇਨਿਯਮੀਆਂ ਦੀ ਸੁਤੰਤਰ ਜਾਂਚ ਅਤੇ ਮੁੱਖ ਚੋਣ ਕਮਿਸ਼ਨਰ ਦੀ ਜਵਾਬਦੇਹੀ ਤੈਅ ਕਰਨ ਦੀ ਮੰਗ ਕੀਤੀ। ਇਸ ਤੋਂ ਪਹਿਲਾਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਮਤਾ ਪੇਸ਼ ਕੀਤਾ ਅਤੇ ਸਦਨ ਵਿੱਚ ਬਹਿਸ ਮਗਰੋਂ ਮਤਾ ਪਾਸ ਹੋ ਗਿਆ। ਇਸ ਮੌਕੇ ਭਾਜਪਾ ਅਤੇ ਕਾਂਗਰਸ ਦੇ ਵਿਧਾਇਕ ਗੈਰ-ਹਾਜ਼ਰ ਰਹੇ। ਪੇਸ਼ ਮਤੇ 'ਚ ਸਦਨ ਨੇ ਨਾਗਰਿਕਾਂ ਨੂੰ ਉਨ੍ਹਾਂ ਦੇ ਵੋਟ ਦੇ ਅਧਿਕਾਰ ਤੋਂ ਵਾਂਝੇ ਕੀਤੇ ਜਾਣ ਦੀਆਂ ਘਟਨਾਵਾਂ 'ਤੇ ਗੰਭੀਰ ਚਿੰਤਾ ਪ੍ਰਗਟ ਕੀਤੀ ਅਤੇ ਸਦਨ ਨੇ ਮੰਗ ਕੀਤੀ ਕਿ ਸਾਰੇ ਯੋਗ ਨਾਗਰਿਕਾਂ ਦੇ ਵੋਟ ਦੇ ਅਧਿਕਾਰ ਦੀ ਸੰਵਿਧਾਨਕ ਸੁਰੱਖਿਆ ਯਕੀਨੀ ਬਣਾਈ ਜਾਵੇ। ਸਦਨ ਨੇ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਦੀ ਅਗਵਾਈ ਹੇਠ ਚੋਣ ਪ੍ਰਕਿਰਿਆ ਅਤੇ ਵੋਟਰ ਸੂਚੀਆਂ ਨਾਲ ਸੰਬੰਧਤ ਕਥਿਤ ਬੇਨਿਯਮੀਆਂ ਦੀ ਜਾਂਚ ਲਈ

## ਕਸਟਮ ਜਾਂਚ ਬਦਲੇ ਦੀ ਕਾਰਵਾਈ : ਮਾਨ



ਇੱਕ ਸੁਤੰਤਰ, ਨਿਰਪੱਖ ਅਤੇ ਭਰੋਸੇਯੋਗ ਜਾਂਚ ਤੰਤਰ ਸਥਾਪਤ ਕਰਨ ਦੀ ਮੰਗ ਕੀਤੀ ਤਾਂ ਜੋ ਸੱਚਾਈ ਸਾਹਮਣੇ ਆ ਸਕੇ ਅਤੇ ਜਵਾਬਦੇਹੀ ਤੈਅ ਹੋ ਸਕੇ। ਜੇਕਰ ਜਾਂਚ ਦੌਰਾਨ ਕਿਸੇ ਵੀ ਵਿਅਕਤੀ ਵਿਰੁੱਧ ਅਪਰਾਧਿਕ ਉਲੰਘਣਾ ਦੇ ਪੁਖ਼ਤਾ ਸਬੂਤ ਸਾਹਮਣੇ ਆਉਂਦੇ ਹਨ ਤਾਂ ਉਸ ਵਿਰੁੱਧ ਕਾਨੂੰਨ ਅਨੁਸਾਰ ਅਪਰਾਧਕ ਕਾਰਵਾਈ ਸ਼ੁਰੂ ਕੀਤੀ ਜਾਵੇ। ਸਦਨ ਨੇ ਕੇਂਦਰ ਸਰਕਾਰ ਅਤੇ ਸੰਬੰਧਤ ਸੰਵਿਧਾਨਕ ਅਥਾਰਟੀਜ਼ ਨੂੰ ਅਪੀਲ ਕੀਤੀ ਕਿ ਚੋਣ ਕਮਿਸ਼ਨ ਦੀ ਆਜ਼ਾਦੀ, ਨਿਰਪੱਖਤਾ ਅਤੇ ਜਵਾਬਦੇਹੀ ਯਕੀਨੀ ਬਣਾਈ ਜਾਵੇ ਅਤੇ ਇਸ ਮਤੇ ਦੀ ਕਾਪੀ ਭਾਰਤ ਦੇ ਰਾਸ਼ਟਰਪਤੀ, ਪ੍ਰਧਾਨ ਮੰਤਰੀ ਅਤੇ ਮੁੱਖ ਚੋਣ ਕਮਿਸ਼ਨਰ ਨੂੰ ਅਗਲੀ ਢੁਕਵੀਂ ਕਾਰਵਾਈ ਲਈ ਭੇਜੀ ਜਾਵੇ। ਮਤੇ ਵਿੱਚ ਕਿਹਾ ਗਿਆ ਕਿ ਦੇਸ਼ ਭਰ ਵਿੱਚ ਵੱਡੀ ਗਿਣਤੀ ਵਿੱਚ ਨਾਗਰਿਕਾਂ ਦੇ ਨਾਂਅ ਵੋਟਰ ਸੂਚੀਆਂ ਵਿੱਚੋਂ ਹਟਾਏ ਜਾਣ ਅਤੇ ਯੋਗ ਵੋਟਰਾਂ ਦੇ ਵੋਟ ਦੇ ਅਧਿਕਾਰ ਤੋਂ ਵਾਂਝੇ ਹੋਣ ਸੰਬੰਧੀ ਗੰਭੀਰ ਇਤਰਾਜ਼ ਅਤੇ ਸ਼ਿਕਾਇਤਾਂ ਸਾਹਮਣੇ ਆਈਆਂ ਹਨ, ਜਿਸ ਨਾਲ ਚੋਣ ਪ੍ਰਕਿਰਿਆ ਦੀ ਪਾਰਦਰਸ਼ਤਾ, ਨਿਰਪੱਖਤਾ ਅਤੇ ਚੋਣ ਕਮਿਸ਼ਨ ਦੀ ਜਵਾਬਦੇਹੀ ਬਾਰੇ ਸਵਾਲ ਉੱਠੇ ਹਨ।

ਮੁੱਖ ਮੰਤਰੀ ਭਗਵੰਤ ਮਾਨ ਨੇ ਦੋਸ਼ ਲਗਾਇਆ ਕਿ ਪੈਰਿਸ ਤੋਂ ਵਾਪਸੀ 'ਤੇ ਉਨ੍ਹਾਂ ਨੂੰ ਦਿੱਲੀ ਦੇ ਹਵਾਈ ਅੱਡੇ 'ਤੇ ਕਸਟਮ ਵਿਭਾਗ ਵੱਲੋਂ

• ਬਾਕੀ ਸਫਾ 2 'ਤੇ

## ਭਗਵੰਤ ਮਾਨ ਨੂੰ ਲਾਹੌਰ ਨਾ ਜਾ ਸਕਣ ਦਾ ਮਲਾਲ !

**ਚੰਡੀਗੜ੍ਹ** : ਮੁੱਖ ਮੰਤਰੀ ਭਗਵੰਤ ਮਾਨ ਦਾ ਸ਼ੁੱਕਰਵਾਰ ਨੂੰ ਸਦਨ ਵਿੱਚ ਲਾਹੌਰ 'ਚ 27 ਨਵੰਬਰ ਨੂੰ ਹੋ ਰਹੀ ਕੌਮਾਂਤਰੀ ਪੰਜਾਬੀ ਕਾਨਫ਼ਰੰਸ 'ਚ ਨਾ ਜਾ ਸਕਣ ਦਾ ਮਲਾਲ ਨਜਰ ਆਇਆ। ਉਨ੍ਹਾਂ ਦੇ ਬੋਲਾਂ ਤੇ ਮਨ ਤੋਂ ਲਾਹੌਰ ਨਾ ਜਾਣ ਦੀ ਬੇਵਸੀ ਝਲਕੀ । ਜਦੋਂ ਸਦਨ 'ਚ ਕੇਂਦਰੀ ਵਿਤਕਰੇ 'ਤੇ ਮੁੱਖ ਮੰਤਰੀ ਬੋਲ ਰਹੇ ਸਨ ਤਾਂ ਅਚਨਚੇਤ ਉਨ੍ਹਾਂ ਨੇ ਇਹ ਦਿਲਚਸਪ ਮਾਮਲਾ ਸਾਂਝਾ ਕੀਤਾ। ਮੁੱਖ ਮੰਤਰੀ ਨੇ ਦੱਸਿਆ ਕਿ ਲਾਹੌਰ 'ਚ 27 ਨਵੰਬਰ ਨੂੰ ਹੋ ਰਹੀ ਕੌਮਾਂਤਰੀ ਪੰਜਾਬੀ ਕਾਨਫ਼ਰੰਸ ਦੇ ਪ੍ਰਬੰਧਕਾਂ, ਜਿਨ੍ਹਾਂ 'ਚ ਖ਼ਾਸ ਕਰਕੇ ਬਾਬਾ ਨਜ਼ਮੀ ਸ਼ਾਮਿਲ ਹਨ , ਨੇ ਮੈਨੂੰ ਸੱਦਾ ਭੇਜਿਆ ਹੈ ਕਿ 'ਤੁਸੀਂ ਕਾਨਫ਼ਰੰਸ 'ਚ ਆਓ, ਤੁਹਾਡੀ ਮੇਜ਼ਬਾਨੀ ਕਰਾਂਗੇ।' ਭਗਵੰਤ ਮਾਨ ਨੇ ਦੱਸਿਆ ਕਿ ਉਨ੍ਹਾਂ ਨੇ ਮੋੜਵੇਂ ਰੂਪ 'ਚ ਮੇਜ਼ਬਾਨਾਂ ਨੂੰ ਮਜਬੂਰੀ ਦੱਸੀ ਕਿ, 'ਕੇਂਦਰ ਸਰਕਾਰ ਮੈਨੂੰ ਤਾਂ ਫਰਾਂਸ ਵਰਗੇ ਦੇਸ਼ ਨਹੀਂ ਜਾਣ ਦਿੰਦੀ, ਪਾਕਿਸਤਾਨ ਲਈ ਕਿੱਥੋਂ ਪ੍ਰਵਾਨਗੀ ਦੇ ਦੇਣਗੇ।' ਮੁੱਖ ਮੰਤਰੀ ਨੇ ਕਿਹਾ ਕਿ ਦੋਵਾਂ ਬੰਨਿਆਂ ਦੇ ਪੰਜਾਬਾਂ ਦੀਆਂ ਸਾਂਝਾਂ ਇੱਕ ਹਨ, ਖੇਤ ਇੱਕ ਹਨ, ਦਾਤੀਆਂ ਅ ਤ

• ਬਾਕੀ ਸਫਾ 2 'ਤੇ

# ਝੋਟਾ ਮਾਮਲੇ 'ਚ ਮੁੱਖ ਮੰਤਰੀ ਖ਼ੁਦ ਦਖ਼ਲ ਦੇਣ : ਅਰਸ਼ੀ



**ਮਾਨਸਾ (ਆਤਮਾ ਸਿੰਘ ਪਮਾਰ)**

ਪਰਮਿੰਦਰ ਸਿੰਘ ਝੋਟਾ ਕਤਲ ਕਾਂਡ ਪੰਜਾਬ ਦਾ ਵਿਆਪਕ ਮਸਲਾ ਬਣ ਚੁੱਕਾ ਹੈ। ਇਸ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਖੁਦ ਦਖਲ ਦੇਣ ਤੇ ਸਾਰਥਕ ਹੱਲ ਕੱਢਣ। ਇਹ ਗੱਲ ਸੀ ਪੀ ਆਈ ਦੇ ਨੈਸ਼ਨਲ ਕੌਂਸਲ ਮੈਂਬਰ ਤੇ ਸਾਬਕਾ ਵਿਧਾਇਕ ਕਾਮਰੇਡ ਹਰਦੇਵ ਸਿੰਘ ਅਰਸ਼ੀ ਨੇ ਇਨਸਾਫ ਕਮੇਟੀ ਦੇ ਧਰਨੇ ਨੂੰ ਸੰਬੋਧਨ ਕਰਦਿਆਂ ਕਹੀ।ਉਨ੍ਹਾ ਸਮੂਹ ਲੋਕਾਂ ਤੇ ਅੰਦੋਲਨਕਾਰੀਆਂ ਨੂੰ ਅਪੀਲ ਕੀਤੀ ਕਿ ਡਰੱਗ ਅਤੇ ਨਸ਼ਾ ਤਸਕਰਾਂ ਖਿਲਾਫ ਸਾਂਝੀ ਮੁਹਿੰਮ ਨੂੰ ਜਾਰੀ ਰੱਖਣ। ਇਹ ਮੁਹਿੰਮ ਬਿਨਾਂ ਕਿਸੇ ਜਾਤਪਾਤ, ਧਰਮ ਤੇ ਰਾਜਸੀ ਹਿੱਤਾਂ ਤੋਂ ਉੱਪਰ ਉੱਠ ਕੇ ਕੇਵਲ ਨੌਜਵਾਨਾਂ ਤੇ ਪੰਜਾਬ ਦੇ ਭਵਿੱਖ ਨੂੰ ਧਿਆਨ ਵਿੱਚ ਰੱਖਦਿਆਂ ਚਲਾਈ ਜਾਵੇ, ਤਾਂ ਜੋ ਇਹ ਸਰਬ ਸਾਂਝੀਵਾਲਤਾ ਦਾ ਪ੍ਰਤੀਕ ਬਣੇ। ਉਨ੍ਹਾ ਐਕਸ਼ਨ ਕਮੇਟੀ ਤੇ ਪਰਵਾਰ ਨੂੰ ਅਪੀਲ ਕੀਤੀ ਕਿ ਇਸ ਨਾਜ਼ੁਕ ਸਮੇਂ ਸੰਜੀਦਗੀ ਵਿੱਚ ਰਹਿ ਕੇ ਇਨਸਾਫ਼ ਲੈਣ ਲਈ ਸਾਰੇ ਪੱਖਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਫੈਸਲੇ ਲੈਣ।ਅੰਤ ਵਿੱਚ ਕਾਮਰੇਡ ਅਰਸ਼ੀ ਨੇ ਲੋਕਾਂ ਨੂੰ ਇਸ ਵਿਆਪਕ ਸੰਘਰਸ਼ 'ਚ ਬਿਨਾਂ ਭੇਦਭਾਵ ਸ਼ਾਮਲ ਹੋਣ ਦੀ ਅਪੀਲ ਕੀਤੀ।

ਧਰਨੇ ਨੂੰ ਸੰਬੋਧਨ ਕਰਦਿਆਂ ਉੱਘੇ ਪੱਤਰਕਾਰ ਹਮੀਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਅਤੇ ਮੰਤਰੀਆਂ ਨੂੰ ਲੋਕਾਂ ਸਾਹਮਣੇ ਆ ਕੇ ਨਸ਼ਿਆਂ ਦੀ ਰੋਕਥਾਮ ਲਈ ਕੀਤੀ ਕਾਰਵਾਈ ਅਤੇ ਇਸ ਦੇ ਨਤੀਜਿਆਂ ਬਾਰੇ ਸਪੱਸ਼ਟ ਜਵਾਬ ਦੇਣਾ ਚਾਹੀਦਾ ਹੈ। ਵਿਧਾਨ ਸਭਾ ਵਿੱਚ ਨਸ਼ਿਆਂ ਦੀ ਸਮੱਸਿਆ 'ਤੇ ਵਿਸ਼ੇਸ਼ ਚਰਚਾ ਹੋਣੀ ਚਾਹੀਦੀ ਸੀ। ਉਨ੍ਹਾ ਸਵਾਲ ਉਠਾਇਆ ਕਿ ਜਦੋਂ ਪੰਜਾਬ ਦੇ ਪਿੰਡਾਂ ਅਤੇ ਸ਼ਹਿਰਾਂ 'ਚ ਨਸ਼ਿਆਂ ਕਾਰਨ ਘਰਾਂ ਦੇ ਘਰ ਉੱਜੜ ਰਹੇ ਹਨ ਤਾਂ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਇਸ ਮੁੱਦੇ 'ਤੇ ਗੰਭੀਰ ਵਿਚਾਰ-ਵਟਾਂਦਰਾ ਕਿਉਂ ਨਹੀਂ ਕਰ ਰਹੇ। ਨਸ਼ਿਆਂ ਵਿਰੁੱਧ ਸੰਘਰਸ਼ ਨੂੰ ਕਿਸੇ ਇੱਕ ਵਿਅਕਤੀ ਜਾਂ ਪਰਵਾਰ ਦੇ ਇਨਸਾਫ ਤੱਕ ਸੀਮਤ ਨਹੀਂ ਰੱਖਿਆ ਜਾ ਸਕਦਾ। ਝੋਟਾ ਦੇ ਕਤਲ ਨੇ ਨਸ਼ਿਆਂ ਦੀ ਸਮੱਸਿਆ ਅਤੇ ਇਸ ਵਿਰੁੱਧ ਆਵਾਜ਼ ਉਠਾਉਣ ਵਾਲਿਆਂ ਦੀ ਸੁਰੱਖਿਆ ਦੇ ਸਵਾਲ ਨੂੰ ਮੁੜ ਕੇਂਦਰ ਵਿੱਚ ਲਿਆਂਦਾ ਹੈ।ਇਸ ਲਈ ਪੰਜਾਬ ਦੀਆਂ ਕਿਸਾਨ, ਮਜ਼ਦੂਰ, ਮੁਲਾਜ਼ਮ, ਵਿਦਿਆਰਥੀ ਅਤੇ ਸਮਾਜਿਕ ਜਥੇਬੰਦੀਆਂ ਨੂੰ ਨਸ਼ਿਆਂ ਵਿਰੁੱਧ ਵਿਆਪਕ ਜਮਹੂਰੀ ਲੋਕ ਅੰਦੋਲਨ ਲਈ ਸਾਂਝੀ ਭੂਮਿਕਾ ਨਿਭਾਉਣ ਦੀ ਲੋੜ ਹੈ। ਬੁੱਧੀਜੀਵੀ ਡਾ. ਪਿਆਰੇ ਲਾਲ ਗਰਗ ਨੇ ਕਿਹਾ ਕਿ ਨਸ਼ਿਆਂ ਦੀ ਸਮੱਸਿਆ ਕੇਵਲ ਪੁਲਸ ਕਾਰਵਾਈਆਂ ਨਾਲ ਹੱਲ ਨਹੀਂ ਕੀਤੀ ਜਾ ਸਕਦੀ।

ਨਸ਼ਿਆਂ ਦੀ ਸਪਲਾਈ ਰੋਕਣ ਦੇ ਨਾਲ-ਨਾਲ ਨੌਜਵਾਨਾਂ ਲਈ ਮਿਆਰੀ ਸਿੱਖਿਆ, ਰੁਜ਼ਗਾਰ, ਖੇਡ ਸਹੂਲਤਾਂ, ਇਲਾਜ ਅਤੇ ਮੁੜਵਸੇਬੇ ਦੇ ਢੁੱਕਵੇਂ ਪ੍ਰਬੰਧ ਕਰਨੇ ਵੀ ਜ਼ਰੂਰੀ ਹਨ।

## ਮੁੱਖ ਮੰਤਰੀ ਤੇ ਡੀ ਜੀ ਪੀ ਦੇ ਅਸਤੀਫੇ ਤੱਕ ਪੋਸਟਮਾਰਟਮ ਤੋਂ ਇਨਕਾਰ

### ਭਲਕੇ ਝਾੜੂ ਸਾੜਨ ਦਾ ਐਲਾਨ



**ਮਾਨਸਾ** : ਸੂਬਾ ਸਰਕਾਰ ਦੇ ਪੈਨਲ ਨਾਲ ਸ਼ੁੱਕਰਵਾਰ ਦੁਪਹਿਰ ਨੂੰ ਮੀਟਿੰਗ ਕਰਨ ਤੋਂ ਬਾਅਦ ਮਰਹੂਮ ਨਸ਼ਾ ਵਿਰੋਧੀ ਕਾਰਕੁੰਨ ਪਰਵਿੰਦਰ ਸਿੰਘ ਝੋਟਾ ਦੇ ਪਰਵਾਰ ਅਤੇ ਐਕਸ਼ਨ ਕਮੇਟੀ ਨੇ ਐਲਾਨ ਕੀਤਾ ਹੈ ਕਿ ਜਦੋਂ ਤੱਕ ਮੁੱਖ ਮੰਤਰੀ ਭਗਵੰਤ ਮਾਨ ਅਤੇ ਡੀ ਜੀ ਪੀ ਗੌਰਵ ਯਾਦਵ ਦੇ ਅਸਤੀਫ਼ੇ ਸਮੇਤ ਉਨ੍ਹਾਂ ਦੀਆਂ ਮੁੱਖ ਮੰਗਾਂ ਨਹੀਂ ਮੰਨੀਆਂ ਜਾਂਦੀਆਂ, ਉਹ ਪੋਸਟਮਾਰਟਮ ਨਹੀਂ ਹੋਣ ਦੇਣਗੇ। ਐਕਸ਼ਨ ਕਮੇਟੀ ਨੇ ਕਿਹਾ ਕਿ ਜੇਕਰ ਸਰਕਾਰੀ ਪੈਨਲ ਕੋਲ ਉਨ੍ਹਾਂ ਦੀਆਂ ਬਾਕੀ ਮੰਗਾਂ ਪੂਰੀਆਂ ਕਰਨ ਦਾ ਅਧਿਕਾਰ ਨਹੀਂ ਹੈ, ਤਾਂ ਕੈਬਨਿਟ ਜਾਂ ਫੈਸਲੇ ਲੈਣ ਦੇ ਸਮਰੱਥ ਹੋਰ ਉੱਚ ਅਧਿਕਾਰੀਆਂ ਨੂੰ ਗੱਲਬਾਤ ਲਈ ਅੱਗੇ ਆਉਣਾ ਚਾਹੀਦਾ ਹੈ। ਝੋਟਾ ਦੀ ਪਤਨੀ ਮਨਪ੍ਰੀਤ ਕੌਰ ਨੇ ਕਿਹਾ ਕਿ ਮੁੱਖ ਮੰਤਰੀ ਅਤੇ ਡੀ ਜੀ ਪੀ ਦਾ ਅਸਤੀਫ਼ਾ ਉਨ੍ਹਾਂ ਦੀਆਂ ਮੁੱਖ ਮੰਗਾਂ ਹਨ ਅਤੇ ਉਹ ਇਸ 'ਤੇ ਕਾਇਮ ਹਨ। ਉਨ੍ਹਾ ਕਿਹਾ ਕਿ ਸਰਕਾਰ ਚਲਾਉਣ ਵਾਲੇ ਲੋਕ ਇਸ ਲਈ ਸਿੱਧੇ ਤੌਰ 'ਤੇ ਜ਼ਿੰਮੇਵਾਰ ਹਨ। ਇਸ ਦੌਰਾਨ ਐਕਸ਼ਨ ਕਮੇਟੀ ਨੇ 25 ਅਕਤੂਬਰ ਨੂੰ ਦੁਪਹਿਰ 12 ਵਜੇ ਤੋਂ ਸ਼ਾਮ 7 ਵਜੇ ਤੱਕ ਪੰਜਾਬ ਭਰ ਦੇ ਪਿੰਡਾਂ ਅਤੇ ਕਸਬਿਆਂ ਵਿੱਚ ਸੱਤਾਧਾਰੀ ਆਮ ਆਦਮੀ ਪਾਰਟੀ (ਆਪ) ਦੇ ਚੋਣ ਨਿਸ਼ਾਨ 'ਝਾੜੂ' ਨੂੰ ਸਾੜਨ ਲਈ ਸੂਬਾ ਪੱਧਰੀ ਰੋਸ ਪ੍ਰਦਰਸ਼ਨ ਦਾ ਐਲਾਨ ਕੀਤਾ ਹੈ।

## ਸਿਪਾਹੀ ਨੇ 23 ਖੇਪਾਂ ਦੀ ਤਸਕਰੀ ਕਬੂਲੀ

**ਚੰਡੀਗੜ੍ਹ** : ਨਾਰਕੋਟਿਕਸ ਕੰਟਰੋਲ ਬਿਊਰੋ ਵੱਲੋਂ ਕੀਤੀ ਤਫ਼ਤੀਸ਼ 'ਚ 'ਐਂਟੀ ਡਰੋਨ ਸਿਸਟਮ' 'ਤੇ ਤਾਇਨਾਤ ਪੰਜਾਬ ਪੁਲਸ ਦਾ ਸਿਪਾਹੀ ਕਰਨਦੀਪ ਸਿੰਘ ਨਸ਼ਾ ਤਸਕਰਾਂ ਨਾਲ ਘਿਉ ਖਿਚੜੀ ਸੀ। ਉਸ ਨੇ ਜੂਨ ਤੋਂ ਸਰਹੱਦ ਪਾਰ ਤੋਂ ਆਈਆਂ ਕਰੀਬ 23 ਖੇਪਾਂ ਪ੍ਰਾਪਤ ਕੀਤੀਆਂ। ਉਹ ਪਾਕਿਸਤਾਨ 'ਚ ਬੈਠੇ ਤਸਕਰਾਂ ਨੂੰ ਨਸ਼ਾ ਸੁੱਟਣ ਲਈ ਸੁਰੱਖਿਅਤ ਥਾਵਾਂ ਬਾਰੇ ਦੱਸਦਾ ਸੀ। ਕਰਨਦੀਪ ਨੂੰ 15 ਕਿੱਲੋ ਹੈਰੋਇਨ ਸਣੇ ਗ੍ਰਿਫਤਾਰ ਕੀਤਾ ਗਿਆ ਸੀ।

## ਤਿੱਬਤ 'ਚ ਭੁਚਾਲ, 16 ਮੌਤਾਂ

**ਬੀਜਿੰਗ** : ਚੀਨ ਦੇ ਤਿੱਬਤ ਖਿੱਤੇ ਵਿੱਚ ਵੀਰਵਾਰ ਦੇਰ ਸ਼ਾਮ ਆਏ 7.0 ਦੀ ਤੀਬਰਤਾ ਵਾਲੇ ਭਿਆਨਕ ਭੂਚਾਲ ਕਾਰਨ ਘੱਟੋ-ਘੱਟ 16 ਲੋਕਾਂ ਦੀ ਮੌਤ ਹੋ ਗਈ ਅਤੇ 32 ਹੋਰ ਜ਼ਖ਼ਮੀ ਹੋ ਗਏ। ਸਰਕਾਰੀ ਮੀਡੀਆ ਅਨੁਸਾਰ ਉੱਤਰੀ ਖੇਤਰੀ ਸ਼ਹਿਰ ਨਾਗਕੂ ਵਿੱਚ ਭੂਚਾਲ ਕਾਰਨ ਸੈਂਕੜੇ ਮਕਾਨ ਢਹਿ-ਢੇਰੀ ਹੋ ਗਏ ਹਨ। ਅਧਿਕਾਰੀਆਂ ਨੇ ਦੱਸਿਆ ਕਿ ਇਲਾਕੇ ਵਿੱਚ ਘੱਟੋ-ਘੱਟ 339 ਘਰਾਂ ਦੇ ਤਹਿਸ-ਨਹਿਸ ਹੋਣ ਮਗਰੋਂ ਵੱਡੇ ਪੱਧਰ 'ਤੇ ਬਚਾਅ ਕਾਰਜ ਜਾਰੀ ਹਨ। ਅਧਿਕਾਰੀਆਂ ਅਨੁਸਾਰ ਜ਼ਖ਼ਮੀਆਂ ਵਿੱਚੋਂ 11 ਵਿਅਕਤੀਆਂ ਦੀ ਹਾਲਤ ਗੰਭੀਰ ਬਣੀ ਹੋਈ ਹੈ, ਜਦੋਂ ਕਿ ਬਾਕੀ 21 ਲੋਕ ਮਾਮੂਲੀ ਜ਼ਖ਼ਮੀ ਹੋਏ ਹਨ। ਪੁਲਸ ਅਤੇ ਫ਼ਾਇਰ ਵਿਭਾਗ ਦੇ ਬਚਾਅ ਦਸਤੇ ਬੇਘਰ ਹੋਏ ਲੋਕਾਂ ਨੂੰ ਆਰਜ਼ੀ ਪਨਾਹ ਦੇਣ ਲਈ ਟੈਂਟ ਲਗਾਉਣ ਵਿੱਚ ਜੁਟੇ ਹੋਏ ਹਨ। ਚੀਨ ਦੇ ਸਰਕਾਰੀ ਪ੍ਰਸਾਰਕ ਸੀ ਸੀ ਟੀ ਵੀ ਨੇ ਦੱਸਿਆ ਕਿ ਇਹ ਪਿਛਲੇ ਪੰਜ ਸਾਲਾਂ ਦੌਰਾਨ ਇਸ ਖਿੱਤੇ ਵਿੱਚ ਆਇਆ ਸਭ ਤੋਂ ਵੱਡਾ ਅਤੇ ਸ਼ਕਤੀਸ਼ਾਲੀ ਭੂਚਾਲ ਹੈ।

## ਮੋਦੀ ਸਰਕਾਰ ਖਿਲਾਫ ਪਾਰਟੀ ਕਾਰਕੁੰਨ ਪੂਰਾ ਤਾਣ ਲਾ ਦੇਣ : ਧਾਲੀਵਾਲ

**ਚੰਡੀਗੜ੍ਹ (ਨ ਜ਼ ਸ)**



ਪੰਜਾਬ ਸਟੇਟ ਕੌਂਸਲ, ਸੀ ਪੀ ਆਈ ਨੇ ਕਿਹਾ ਹੈ ਕਿ ਦੇਸ਼ ਵਿੱਚ ਮੋਦੀ ਸਰਕਾਰ ਨੇ ਸੰਵਿਧਾਨਕ ਸੰਸਥਾਵਾਂ ਨੂੰ ਖਤਮ ਕਰਨ, ਕਮਜ਼ੋਰ ਕਰਨ, ਇਨ੍ਹਾਂ ਦੀ ਦੁਰਵਰਤੋਂ ਕਰਨ ਅਤੇ ਇਨ੍ਹਾਂ ਸੰਸਥਾਵਾਂ ਦੇ ਮੁਖੀ ਆਪਣੇ ਹੱਥ-ਠੋਕੇ ਤਾਇਨਾਤ ਕਰਕੇ ਉਨ੍ਹਾਂ ਤੋਂ ਮਨਮਰਜ਼ੀ ਦੇ ਫੈਸਲੇ ਕਰਵਾਉਣ ਦਾ ਗੈਰ-ਲੋਕਤੰਤਰੀ ਅਮਲ ਨਿਰਲੱਜਤਾ ਨਾਲ ਸ਼ੁਰੂ ਕੀਤਾ ਹੋਇਆ ਹੈ। ਇਹ ਸਭ ਕੁਝ ਦੇਸ਼ ਵਿੱਚ ਤਾਨਾਸ਼ਾਹੀ ਰੁਝਾਨਾਂ ਨੂੰ ਮੁਕੰਮਲ ਤਾਨਾਸ਼ਾਹੀ 'ਚ ਤਬਦੀਲ ਕਰਨ ਦੀ ਕਵਾਇਦ ਵਜੋਂ ਕੀਤਾ ਜਾ ਰਿਹਾ ਹੈ। ਇਹ ਸਰਕਾਰ ਚਾਹੁੰਦੀ ਹੈ ਕਿ ਸਰਕਾਰ ਨੂੰ ਵੋਟਰ ਨਾ ਚੁਣਨ, ਸਗੋਂ ਸਰਕਾਰ ਵੋਟਰ ਨੂੰ ਚੁਣ ਕੇ ਫਿਰ ਉਸਤੋਂ ਵੋਟ ਹਾਸਲ ਕਰਨ ਦਾ ਵਿਖਾਵਾ ਕਰਕੇ ਰਾਜਗੱਦੀ 'ਤੇ ਸਦੀਵੀ ਤੌਰ 'ਤੇ ਚੰਬੜੀ ਰਹੇ।

ਪੰਜਾਬ ਸੀ ਪੀ ਆਈ ਦੇ ਸੂਬਾ ਸਕੱਤਰ ਨਿਰਮਲ ਸਿੰਘ ਧਾਲੀਵਾਲ ਨੇ ਆਪਣੀ ਪਾਰਟੀ ਦੇ ਕਾਰਕੁੰਨਾਂ, ਹਮਦਰਦ ਸਾਥੀਆਂ ਅਤੇ ਪੰਜਾਬ ਦੇ ਜਮਹੂਰੀਅਤਪਸੰਦ ਲੋਕਾਂ ਨੂੰ ਸੁਚੇਤ ਕਰਦਿਆਂ ਕਿਹਾ ਹੈ ਕਿ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨੇ ਦੇਸ਼ ਦੇ ਸੱਤ ਰਾਜਾਂ ਦੀਆਂ ਸਾਢੇ ਸੱਤ ਕਰੋੜ ਵੋਟਾਂ ਕੱਟ ਕੇ ਜਿਵੇਂ ਦੂਸਰੇ ਦੋ ਚੋਣ ਕਮਿਸ਼ਨਰਾਂ ਦੀ ਰਾਇ ਨੂੰ ਨਜ਼ਰਅੰਦਾਜ਼ ਕਰਕੇ ਐੱਸ ਆਈ ਆਰ ਦਾ ਨੁਕਸਦਾਰ ਤਰੀਕਾ ਅਪਣਾਕੇ ਵੋਟਾਂ ਦੀ ਚੋਰੀ ਕਰਕੇ ਬੀ ਜੇ ਪੀ ਦੀ ਝੋਲੀ ਵਿੱਚ ਪਾਈਆਂ ਹਨ, ਇਸ ਦੇਸ਼ਧ੍ਰੋਹ ਅਤੇ ਜਮਹੂਰੀਅਤ ਦੇ ਕਤਲ ਦੇ ਵਿਰੁੱਧ ਦੇਸ਼ ਵਿੱਚ ਲੋਕਤੰਤਰ 'ਚ ਵਿਸ਼ਵਾਸ ਰੱਖਣ ਵਾਲੀਆਂ ਸੈਕੂਲਰ ਪਾਰਟੀਆਂ ਅਤੇ ਆਮ ਲੋਕਾਂ ਵਿੱਚ ਭਾਰੀ ਗੁੱਸਾ ਅਤੇ ਚਿੰਤਾ ਦੀ ਲਹਿਰ ਹੈ। ਇੰਡੀਆ ਬਲਾਕ ਵਿੱਚ ਸ਼ਾਮਲ ਪਾਰਟੀਆਂ ਵਲੋਂ ਸਾਂਝੇ ਤੌਰ 'ਤੇ ਅਤੇ ਵੱਖ-ਵੱਖ ਤੌਰ 'ਤੇ ਵੀ ਮੁੱਖ ਚੋਣ ਕਮਿਸ਼ਨਰ ਵਿਰੁੱਧ ਦੇਸ਼ਧ੍ਰੋਹ ਦਾ ਮੁਕੱਦਮਾ ਦਰਜ ਕਰਕੇ ਉਸਨੂੰ ਗ੍ਰਿਫਤਾਰ ਕਰਨ ਦੀ ਅਤੇ ਕੱਟੀਆਂ ਗਈਆਂ ਵੋਟਾਂ ਬਹਾਲ ਕਰਨ ਦੀ ਮੰਗ ਨੂੰ ਲੈ ਕੇ ਅੰਦੋਲਨ ਚਲਾਇਆ ਜਾ ਰਿਹਾ ਹੈ। ਇਹ ਅੰਦੋਲਨ ਦੇਸ਼ ਦੇ ਹਰ ਇੱਕ ਸ਼ਹਿਰ ਅਤੇ ਕਸਬੇ ਤਕ ਫੈਲ ਚੁੱਕਾ ਹੈ। ਹੁਣ

• ਬਾਕੀ ਸਫਾ 2 'ਤੇ

## ਗਿਆਨੇਸ਼ ਦੇ ਅਸਤੀਫੇ ਲਈ ਦਿੱਲੀ 'ਚ ਇੱਕ ਹੋਰ ਹੱਲਾ

**ਨਵੀਂ ਦਿੱਲੀ (ਨ ਜ਼ ਸ)**

'ਪੀਪਲ ਅਗੇਂਸਟ ਐੱਸ ਆਈ ਆਰ' ਦੇ ਝੰਡੇ ਹੇਠ ਸ਼ੁੱਕਰਵਾਰ ਹਜ਼ਾਰਾਂ ਲੋਕਾਂ ਨੇ ਦਿੱਲੀ ਦੇ ਬੰਗਲਾ ਸਾਹਿਬ ਗੁਰਦੁਆਰੇ ਨੇੜਿਓਂ ਐੱਸ ਆਈ ਆਰ ਵਿਰੁੱਧ ਮਾਰਚ ਕੀਤਾ। ਪ੍ਰਦਰਸ਼ਨਕਾਰੀਆਂ ਨੇ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਦੇ ਪੋਸਟਰ ਫੜੇ ਹੋਏ ਸਨ ਅਤੇ ਉਸ ਦੇ ਅਸਤੀਫੇ ਦੀ ਮੰਗ ਕੀਤੀ। ਬੰਗਲਾ ਸਾਹਿਬ ਤੋਂ ਚੋਣ ਕਮਿਸ਼ਨ ਦਫਤਰ ਤੱਕ ਮਾਰਚ ਦਾ ਸੱਦਾ ਦਿੱਤਾ ਗਿਆ ਸੀ। ਪੁਲਸ ਨੇ ਰਸਤੇ ਵਿੱਚ ਸੈਂਕੜੇ ਪ੍ਰਦਰਸ਼ਨਕਾਰੀਆਂ ਨੂੰ ਹਿਰਾਸਤ ਵਿੱਚ ਲੈ ਲਿਆ। ਪ੍ਰਦਰਸ਼ਨ ਦੌਰਾਨ ਸੀ ਪੀ ਆਈ ਨੇਤਾ ਐਨੀ ਰਾਜਾ ਨੇ ਕਿਹਾ, "ਅਸੀਂ ਦੇਸ਼ ਤੇ ਲੋਕਤੰਤਰ ਨੂੰ ਤਬਾਹ ਕਰਨ ਵਾਲੇ ਕੇਂਦਰ ਦੇ ਧੋਖਾਧੜੀ ਵਾਲੇ ਤਰੀਕਿਆਂ ਤੋਂ ਬਚਾਉਣ ਲਈ ਆਏ ਹਾਂ।" ਸੀ ਪੀ ਆਈ ਸਾਂਸਦ ਪੀ ਸੰਦੋਸ਼ ਨੇ ਕਿਹਾ, "ਸਾਡਾ ਵਿਰੋਧ ਤੇਜ਼ ਹੋਵੇਗਾ; ਗਿਆਨੇਸ਼ ਕੁਮਾਰ ਨੂੰ ਕੋਈ ਨਹੀਂ ਬਚਾ ਸਕਦਾ।" ਪ੍ਰਦਰਸ਼ਨ ਵਿੱਚ ਦਿੱਲੀ ਤੋਂ ਇਲਾਵਾ ਹਰਿਆਣਾ ਅਤੇ ਪੱਛਮੀ ਯੂ ਪੀ ਦੇ ਕਾਰਕੁੰਨ ਸ਼ਾਮਲ ਹੋਏ ਸਨ। ਜਦੋਂ ਪੁਲਸ ਨੇ ਪ੍ਰਦਰਸ਼ਨਕਾਰੀਆਂ ਨੂੰ ਰੋਕਿਆ ਤਾਂ ਉਹ ਬੈਠ ਗਏ ਅਤੇ ਫਿਰ 'ਲੋਕ ਸੰਸਦ' ਦਾ ਆਯੋਜਨ ਕੀਤਾ। ਸ਼ੁੱਕਰਵਾਰ 18 ਰਾਜਾਂ ਦੇ 88 ਸ਼ਹਿਰਾਂ ਵਿੱਚ ਪ੍ਰਦਰਸ਼ਨ ਕੀਤੇ ਗਏ, ਜਿਨ੍ਹਾਂ ਵਿੱਚ 145 ਸੰਗਠਨ ਸ਼ਾਮਲ ਹੋਏ।



## ਆਈ ਡੀ ਬੀ ਆਈ ਬੈਂਕ ਵੇਚਣ ਦਾ ਏਟਕ ਵੱਲੋਂ ਵਿਰੋਧ

**ਲੁਧਿਆਣਾ (ਰੈਕਟਰ ਕਥੂਰੀਆ)**



ਆਲ ਇੰਡੀਆ ਟਰੇਡ ਯੂਨੀਅਨ ਕਾਂਗਰਸ (ਏਟਕ) ਨੇ ਕੇਂਦਰੀ ਕੈਬਨਿਟ ਵੱਲੋਂ ਸਰਕਾਰੀ ਮਾਲਕੀ ਵਾਲੇ ਆਈਡੀਬੀਆਈ ਬੈਂਕ ਦੀ 52,748 ਕਰੋੜ ਰੁਪਏ ਦੀ ਜਾਇਦਾਦ ਕੈਨੇਡਾ ਦੀ ਫੇਅਰਫੈਕਸ ਫਾਈਨੈਂਸ਼ੀਅਲ ਹੋਲਡਿੰਗਜ਼ ਲਿਮਟਿਡ ਨੂੰ ਵੇਚਣ ਦੀ ਦਿੱਤੀ ਗਈ ਮਨਜ਼ੂਰੀ ਦਾ ਪੁਰਜ਼ੋਰ ਵਿਰੋਧ ਕੀਤਾ ਹੈ। ਇਹ ਅਤਿ ਨਿੰਦਣਯੋਗ ਹੈ ਕਿ ਭਾਜਪਾ ਸਰਕਾਰ ਲੋਕ ਹਿੱਤਾਂ ਦੀ ਰੱਤੀ ਭਰ ਵੀ ਪ੍ਰਵਾਹ ਕੀਤੇ ਬਿਨਾਂ, ਮੁਨਾਫ਼ੇ ਤੋਂ ਪ੍ਰੇਰਿਤ ਕਾਰਪੋਰੇਟ ਹਿੱਤਾਂ ਲਈ ਜਨਤਕ ਜਾਇਦਾਦਾਂ ਨੂੰ ਵੇਚਣ ਦੀ ਆਪਣੀ ਆਰਥਿਕ ਮੂਰਖਤਾ ਨੂੰ ਜਾਰੀ ਰੱਖ ਰਹੀ ਹੈ। ਇਸ ਵਿਕਰੀ ਨੂੰ ਤੁਰੰਤ ਰੋਕਿਆ ਜਾਵੇ ਅਤੇ ਇਸ ਪ੍ਰਕਿਰਿਆ ਨੂੰ ਤੁਰੰਤ ਬੰਦ ਕੀਤਾ ਜਾਵੇ। ਏਟਕ ਸਕੱਤਰੇਤ ਵੱਲੋਂ ਬਿਆਨ ਜਾਰੀ ਕਰਦੇ ਹੋਏ ਜਨਰਲ ਸਕੱਤਰ ਅਮਰਜੀਤ ਕੌਰ ਨੇ ਕਿਹਾ ਹੈ ਕਿ ਕੈਬਨਿਟ ਦੇ ਇਸ ਫੈਸਲੇ ਤੋਂ ਪਹਿਲਾਂ ਨਾ ਤਾਂ ਜਨਤਾ ਨਾਲ ਕੋਈ ਮਸ਼ਵਰਾ ਕੀਤਾ ਗਿਆ ਅਤੇ ਨਾ ਹੀ ਸੰਸਦੀ ਜਾਂਚ ਕੀਤੀ ਗਈ। ਇਹ ਗੈਰਲੋਕਤੰਤਰੀ ਤਰੀਕਾ ਹੈ ਅਤੇ ਗੰਭੀਰ ਜਨਤਕ ਚਿੰਤਾ ਦਾ ਵਿਸ਼ਾ ਹੈ। ਕੇਂਦਰ ਸਰਕਾਰ ਵੱਲੋਂ ਇੱਕਤਰਫ਼ਾ ਤੌਰ ਤੇ ਅਪਣਾਈ ਗਈ ਇਹ ਨੀਤੀ ਜਨਤਕ ਮਾਲਕੀ, ਕਰਦਾਤਾਵਾਂ ਦੇ ਪੈਸੇ ਪ੍ਰਤੀ ਲੋਕਤੰਤਰੀ ਢੰਗ ਨਾਲ ਚੁਣੀ ਗਈ ਸਰਕਾਰ ਦੀ ਜਵਾਬਦੇਹੀ ਅਤੇ ਭਾਰਤ ਦੀ ਬੈਂਕਿੰਗ ਪ੍ਰਣਾਲੀ ਦੇ ਭਵਿੱਖ ਤੇ ਮੂਲ ਪ੍ਰਸ਼ਨ ਖੜ੍ਹੇ ਕਰਦੀ ਹੈ। ਇਹ ਪੱਖਪਾਤੀ ਫੈਸਲਾ ਸਰਕਾਰ ਦੀ ਆਪਣੇ ਘਰੇਲੂ ਅਤੇ

• ਬਾਕੀ ਸਫਾ 2 'ਤੇ

## ਦੀਵਾਲੀ ਵਿਸ਼ੇਸ਼ ਸਪਲੀਮੈਂਟ



ਰਮਨ ਚੱਢਾ
ਚੋਹਲਾ ਸਾਹਿਬ
98722-26721



ਸੁਖਵਿੰਦਰ ਸਫਰੀ
ਟੂਟੋਮਜਾਰਾ
99158-16713



ਰਮੇਸ਼ ਕਟਾਰੀਆ
ਰਾਜਪੁਰਾ
99880-13675



ਐਡਵੋਕੇਟ ਸਤੀਸ਼ ਕੁਮਾਰ ਭੀਰੀ (ਜੈਤੋ)
94176-12036



ਹਰਬਿੰਦਰ ਸਿੰਘ ਰਾਣਾ
ਵੇਰਕਾ (ਅੰਮ੍ਰਿਤਸਰ)
98881-45991



ਗੁਰਪ੍ਰੀਤ ਭੋਗਲ
ਭੋਗਪੁਰ
94636-82748



ਨਛੱਤਰ ਸੰਧੂ
ਹਠੂਰ
98151-18229

ਦੀਵਾਲੀ ਦੇ ਸ਼ੁੱਭ ਦਿਹਾੜੇ ਨੂੰ ਸਮਰਪਿਤ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਤ ਕੀਤੇ ਜਾ ਰਹੇ ਹਨ। ਇਸ ਸੰਬੰਧੀ ਇਸ਼ਤਿਹਾਰ ਤੇ ਹੋਰ ਛਪਣਯੋਗ ਸਮੱਗਰੀ ਦੇਣ ਲਈ ਸਾਡੇ ਇਨ੍ਹਾਂ ਪੱਤਰਕਾਰਾਂ ਨਾਲ ਸੰਪਰਕ ਕੀਤਾ ਜਾਵੇ। -ਜਨਰਲ ਮੈਨੇਜਰ

## ਅੱਜ-ਨਾਮਾ

ਚੱਲਿਆ ਸੈਸ਼ਨ ਜਦ ਫੇਰ ਅਸੈਂਬਲੀ ਦਾ,
ਹਾਲਾਤ ਹੋਰ, ਪਰ ਉਹੀ ਸੀ ਚਾਲ ਬੇਲੀ।
ਸਰਕਾਰੀ ਧਿਰ ਜਾਂ ਹੁੰਦੀ ਵਿਰੋਧ ਦੀ ਆ,
ਉਹੀਉ ਰਹਿੰਦਾ ਵਿਹਾਰ ਦਾ ਹਾਲ ਬੇਲੀ।
ਮਸਲੇ ਲੋਕਾਂ ਦੇ ਚਰਚਾ ਤੋਂ ਰਹਿਣ ਲਾਂਭੇ,
ਮੋਹ ਤਾਂ ਹੁੰਦਾ ਸਿਆਸਤ ਦੇ ਨਾਲ ਬੇਲੀ।
ਲੱਗਦਾ ਇਹੀ ਕਿ ਲੋਕ ਜੋ ਕਹਿਰ ਝੱਲਣ,
ਉਹਦੀ ਸੁਣੀਂਦੀ ਬਾਹਲੀ ਨਾ ਤਾਲ ਬੇਲੀ।
ਕਈਆਂ ਸਾਲਾਂ ਤੋਂ ਵੇਖਦੇ ਆਏ ਜੋ ਕੁਝ,
ਖੜੋਤੀ ਓਥੇ ਆ ਦਿੱਸ ਰਹੀ ਬਾਤ ਬੇਲੀ।
ਆਉਂਦੀ ਚੋਣ ਆ ਦਿੱਸਦੀ ਸਾਰਿਆਂ ਨੂੰ,
ਸਾਰੇ ਈ ਖੇਡ ਰਹੇ ਸ਼ਹਿ ਤੇ ਮਾਤ ਬੇਲੀ।

-ਤੀਸ ਮਾਰ ਖਾਂ






ਨਵਾਂ ਜ਼ਮਾਨਾ
ਸ਼ਨੀਵਾਰ, 24 ਅਕਤੂਬਰ 2026

# ਮੱਧ ਪ੍ਰਦੇਸ਼ ਮਾਡਲ

*ਅਨੇਕਾਂ ਸਕੈਂਡਲ ਸਾਹਮਣੇ ਆਉਣ ਦੇ ਬਾਵਜੂਦ ਭਾਜਪਾਈ ਡਬਲ ਇੰਜਣ ਸਰਕਾਰ ਦੇ ਫਾਇਦੇ ਗਿਣਾਉਣ ਤੋਂ ਨਹੀਂ ਥੱਕਦੇ। ਹਾਈਵੇਅ ਉਦਘਾਟਨ ਤੋਂ ਪਹਿਲਾਂ ਹੀ ਧੱਸ ਜਾਣ ਅਤੇ ਉਦਘਾਟਨ ਤੋਂ ਪਹਿਲਾਂ ਜਾਂ ਛੇਤੀ ਬਾਅਦ ਪੁਲ ਢਹਿ ਜਾਣ ਦੇ ਕਈ ਮਾਮਲੇ ਸਾਹਮਣੇ ਆ ਚੁੱਕੇ ਹਨ, ਪਰ ਭਾਜਪਾਈ ਮੰਤਰੀ 'ਇੰਦਰਾ ਦੇਵਤਾ' ਦੇ ਖਾਤੇ ਪਾ ਕੇ ਬਚ ਜਾਂਦੇ ਹਨ। ਤਾਜ਼ਾ ਸਕੈਂਡਲ ਮੱਧ ਪ੍ਰਦੇਸ਼ ਦੇ ਸ਼ਹਿਰੀ ਅਦਾਰਿਆਂ ਵਿੱਚ ਸਫਾਈ ਅਤੇ ਸਟਰੀਟ ਲਾਈਟਾਂ ਵਰਗੀਆਂ ਜ਼ਰੂਰਤਾਂ ਲਈ ਕੀਤੀਆਂ ਗਈਆਂ ਖਰੀਦਾਂ ਦਾ ਸਾਹਮਣੇ ਆਇਆ ਹੈ। ਸਰਕਾਰੀ ਈ-ਮਾਰਕੀਟਪਲੇਸ ਪੋਰਟਲ ਤੋਂ 2023 ਤੋਂ 2026 ਦੇ ਵਿਚਕਾਰ ਕੀਤੀਆਂ ਗਈਆਂ ਖਰੀਦਾਂ ਦੇ ਵਿਸ਼ਲੇਸ਼ਣ ਤੋਂ ਪਤਾ ਲੱਗਿਆ ਹੈ ਕਿ ਵੱਖ-ਵੱਖ ਅਦਾਰਿਆਂ ਨੇ ਇੱਕੋ ਸਮੱਗਰੀ ਲਈ ਕਈ ਗੁਣਾ ਅੰਤਰ ਨਾਲ ਭੁਗਤਾਨ ਕੀਤਾ।*

*ਸੁੰਦਰਲਾਲ ਪਟਵਾ ਸ਼ਹਿਰੀ ਵਿਕਾਸ ਸਿਖਲਾਈ ਸੰਸਥਾਨ ਵਿਖੇ ਇੱਕ ਵਰਕਸ਼ਾਪ ਦੌਰਾਨ ਸ਼ਹਿਰੀ ਵਿਕਾਸ ਅਤੇ ਰਿਹਾਇਸ਼ ਵਿਭਾਗ ਦੇ ਐਡੀਸ਼ਨਲ ਚੀਫ ਸੈਕਟਰੀ ਸੰਜੇ ਦੂਬੇ ਨੇ ਨਗਰ ਨਿਗਮਾਂ ਦੀ ਖਰੀਦ ਪ੍ਰਕਿਰਿਆ ਬਾਰੇ ਸਵਾਲ ਉਠਾਏ। ਵਰਕਸ਼ਾਪ ਵਿੱਚ ਸਾਰੇ ਸ਼ਹਿਰੀ ਸੰਸਥਾਵਾਂ ਦੇ ਮੁੱਖ ਨਗਰ ਨਿਗਮ ਅਧਿਕਾਰੀ, ਡਾਇਰੈਕਟਰ ਅਤੇ ਵਿਭਾਗੀ ਅਧਿਕਾਰੀ ਮੌਜੂਦ ਸਨ। ਵਰਕਸ਼ਾਪ ਵਿੱਚ ਪੇਸ਼ ਕੀਤੇ ਗਏ ਇੱਕ ਵਿਸ਼ਲੇਸ਼ਣ ਮੁਤਾਬਕ ਰਾਜ ਦੀਆਂ 374 ਸ਼ਹਿਰੀ ਸਥਾਨਕ ਸੰਸਥਾਵਾਂ ਨੇ ਤਿੰਨ ਸਾਲਾਂ ਵਿੱਚ ਪੋਰਟਲ ਰਾਹੀਂ 1,134 ਕਰੋੜ ਦੀ ਖਰੀਦਦਾਰੀ ਕੀਤੀ। ਆਰਟੀਫਿਸ਼ੀਅਲ ਇੰਟੈਲੀਜੈਂਸ (ਏ ਆਈ) ਰਾਹੀਂ ਡੈਟਾ ਵਿਸ਼ਲੇਸ਼ਣ ਨੇ ਅੰਦਾਜ਼ਾ ਲਗਾਇਆ ਹੈ ਕਿ ਜੇ ਸਾਮਾਨ ਔਸਤ ਦਰਾਂ 'ਤੇ ਖਰੀਦਿਆ ਜਾਂਦਾ ਤਾਂ 200 ਤੋਂ 250 ਕਰੋੜ ਦੀ ਬੱਚਤ ਸੰਭਵ ਹੋ ਸਕਦੀ ਸੀ।*

*ਵਰਕਸ਼ਾਪ 'ਚ ਪ੍ਰਸਾਰਤ ਇੱਕ ਵੀਡੀਓ ਵਿੱਚ ਸੰਜੇ ਦੂਬੇ ਨੂੰ ਇਹ ਕਹਿੰਦਿਆਂ ਸੁਣਿਆ ਜਾ ਸਕਦਾ ਹੈ ਕਿ ਇੱਕ ਨਗਰ ਨਿਗਮ ਨੇ ਕਚਰਾ ਗੱਡੀ ਲੱਗਭੱਗ ਦੋ ਲੱਖ ਰੁਪਏ ਦੀ ਖਰੀਦੀ, ਜਦਕਿ ਦੂਜੀ ਨੇ ਚਾਰ ਡਸਟਬਿਨ ਨਾਲ ਲੈ ਕੇ ਛੇ ਲੱਖ ਰੁਪਏ ਦੀ। ਕੁਝ ਨਗਰ ਨਿਗਮਾਂ ਨੇ ਕਰੋੜਾਂ ਰੁਪਈਆਂ ਦੀਆਂ ਕਚਰਾ ਗੱਡੀਆਂ ਖਰੀਦੀਆਂ, ਜਦੋਂਕਿ ਉਨ੍ਹਾਂ ਜੋਗੇ ਲੋੜੀਂਦੇ ਵਾਰਡ ਵੀ ਨਹੀਂ ਹਨ। 60 ਵਾਟ ਦੀ ਐੱਲ ਈ ਡੀ ਲਾਈਟ ਇੱਕ ਨਗਰ ਨਿਗਮ ਨੇ 306 ਰੁਪਏ ਵਿੱਚ ਖਰੀਦੀ, ਜਦੋਂ ਕਿ ਭੋਪਾਲ ਨਗਰ ਨਿਗਮ ਨੇ 11800 ਰੁਪਏ ਵਿੱਚ ਖਰੀਦੀ। ਇੱਕ ਲੀਟਰ ਫੀਨੋਲਿਕ ਕੀਟਾਣੂਨਾਸ਼ਕ ਦੀ ਕੀਮਤ ਕੁਝ ਥਾਵਾਂ 'ਤੇ 5 ਰੁਪਏ ਅਦਾ ਕੀਤੀ ਗਈ, ਜਦੋਂ ਕਿ ਰਾਜਗੜ੍ਹ ਖੇਤਰ ਦੀ ਇੱਕ ਨਿਗਮ ਨੇ 33500 ਰੁਪਏ। ਇਸ ਤੋਂ ਇਲਾਵਾ 'ਲੇਬਰ ਇੰਡਸਟਰੀ' ਨਾਮਕ ਇੱਕ ਸਪਲਾਇਰ ਦੇ 21 ਨਗਰ ਨਿਗਮਾਂ ਨਾਲ ਲੱਗਭੱਗ 201 ਇਕਰਾਰਨਾਮੇ ਪਾਏ ਗਏ। ਇਨ੍ਹਾਂ ਇਕਰਾਰਨਾਮਿਆਂ ਵਿੱਚ ਕਰੋੜਾਂ ਰੁਪਏ ਦੀ ਸਪਲਾਈ ਦਰਜ ਕੀਤੀ ਗਈ।*

*ਇਨ੍ਹਾਂ ਅੰਕੜਿਆਂ ਨੇ ਸਰਕਾਰੀ ਖਰੀਦ ਪ੍ਰਕਿਰਿਆ ਅਤੇ ਕੀਮਤ ਨਿਗਰਾਨੀ 'ਤੇ ਸਵਾਲ ਖੜ੍ਹੇ ਕੀਤੇ ਹਨ। ਦਿਲਚਸਪ ਗੱਲ ਹੈ ਕਿ ਦੂਬੇ ਨੇ ਅਧਿਕਾਰੀਆਂ ਨੂੰ ਇਹ ਵੀ ਕਿਹਾ ਕਿ ਉਹ ਇਹ ਨਾ ਸਮਝਣ ਕਿ ਉੱਪਰ ਬੈਠੇ ਅਧਿਕਾਰੀਆਂ ਨੂੰ ਕੁਝ ਪਤਾ ਨਹੀਂ ਲੱਗਦਾ। ਵਿਭਾਗ ਕੋਲ ਸਾਮਾਨ ਦੀ ਮਾਤਰਾ, ਦਰਾਂ ਅਤੇ ਲਾਗਤਾਂ ਦਾ ਪੂਰਾ ਵੇਰਵਾ ਹੈ। ਵਿਭਾਗ ਦੀ ਰਾਜ ਮੰਤਰੀ ਪ੍ਰਤਿਮਾ ਬਾਗੜੀ ਨੇ ਕਿਹਾ ਕਿ ਜਾਂਚ ਵਿੱਚ ਦੋਸ਼ੀ ਪਾਏ ਜਾਣ ਵਾਲੇ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਘਾਲਾਮਾਲਾ ਹੋ ਜਾਣ ਤੋਂ ਬਾਅਦ ਕਾਰਵਾਈ ਦੀਆਂ ਗੱਲਾਂ ਕਰਨ ਦਾ ਕੀ ਫਾਇਦਾ। ਜਦ ਉਤਲੇ ਅਧਿਕਾਰੀਆਂ ਨੂੰ ਪਹਿਲਾਂ ਹੀ ਪਤਾ ਸੀ ਤਾਂ ਉਦੋਂ ਕਾਰਵਾਈ ਕਰਕੇ ਕਰੋੜਾਂ ਰੁਪਏ ਕਿਉਂ ਨਹੀਂ ਬਚਾਏ ਗਏ। ਦਰਅਸਲ ਡਬਲ ਇੰਜਣ ਸਰਕਾਰਾਂ ਦਾ ਮਾਡਲ ਹੀ ਇਹ ਹੈ।*

# ਕਿਤੇ ਚੋਣ ਮੁੱਦਾ ਬਣ ਕੇ ਹੀ ਨਾ ਰਹਿ ਜਾਵੇ ਨਸ਼ਿਆਂ ਦਾ ਮਸਲਾ



ਬਿੰਦਰ ਸਿੰਘ ਖੁੱਡੀ ਕਲਾਂ

ਪੰਜ ਦਰਿਆਵਾਂ ਦੀ ਉਪਜਾਊ ਅਤੇ ਅਣਖੀਲੀ ਧਰਤੀ ਵਜੋਂ ਜਾਣਿਆ ਜਾਂਦਾ ਪੰਜਾਬ ਅੱਜ ਇੱਕ ਅਜਿਹੇ ਗੰਭੀਰ ਸੰਕਟ ਦੇ ਮੁਹਾਣੇ 'ਤੇ ਖੜ੍ਹਾ ਹੈ, ਜਿਸ ਨੇ ਇਸ ਦੀਆਂ ਜੜ੍ਹਾਂ ਹਿਲਾ ਕੇ ਰੱਖ ਦਿੱਤੀਆਂ ਹਨ। ਇਹ ਸੰਕਟ ਹੈ ਨਸ਼ਿਆਂ ਦਾ, ਜਿਸ ਨੇ ਸੂਬੇ ਦੀ ਜਵਾਨੀ, ਅਰਥ ਵਿਵਸਥਾ, ਸਮਾਜਿਕ ਤਾਣੇ-ਬਾਣੇ ਅਤੇ ਭਵਿੱਖ ਨੂੰ ਬੁਰੀ ਤਰ੍ਹਾਂ ਅਪਾਹਜ ਕਰ ਦਿੱਤਾ ਹੈ। ਸਭ ਤੋਂ ਵੱਡੀ ਦੁਖਾਂਤਕ ਗੱਲ ਇਹ ਹੈ ਕਿ ਜਿਹੜਾ ਮੁੱਦਾ ਸੂਬੇ ਦੇ ਵਜੂਦ ਨੂੰ ਬਚਾਉਣ ਲਈ ਸਭ ਤੋਂ ਪਹਿਲੀ ਤਰਜੀਹ ਹੋਣਾ ਚਾਹੀਦਾ ਸੀ, ਉਹ ਹੁਣ ਸਿਰਫ਼ ਅਤੇ ਸਿਰਫ਼ ਸਿਆਸੀ ਪਾਰਟੀਆਂ ਲਈ ਵੋਟਾਂ ਬਟੋਰਨ ਦਾ ਇੱਕ ਸਸਤਾ ਅਤੇ ਪ੍ਰਭਾਵਸ਼ਾਲੀ ਹਥਿਆਰ ਬਣ ਕੇ ਰਹਿ ਗਿਆ ਹੈ। ਹਰ ਚੋਣਾਂ ਤੋਂ ਪਹਿਲਾਂ ਸਿਆਸੀ ਮੰਚਾਂ ਤੋਂ ਵੱਡੇ-ਵੱਡੇ ਦਾਅਵੇ ਕੀਤੇ ਜਾਂਦੇ ਹਨ। ਰੈਲੀਆਂ ਅਤੇ ਜਲਸਿਆਂ ਵਿੱਚ ਸਹੁੰਆਂ ਚੁੱਕੀਆਂ ਜਾਂਦੀਆਂ ਹਨ ਅਤੇ ਆਮ ਲੋਕਾਂ ਨੂੰ ਇਹ ਭਰੋਸਾ ਦਿਵਾਇਆ ਜਾਂਦਾ ਹੈ ਕਿ ਸਰਕਾਰ ਬਣਦੇ ਹੀ ਗਿਣਤੀ ਦੇ ਦਿਨਾਂ ਵਿੱਚ ਨਸ਼ੇ ਦੀ ਗਰਦਨ ਮਰੋੜ ਦਿੱਤੀ ਜਾਵੇਗੀ, ਪਰ ਜਿਵੇਂ ਹੀ ਚੋਣਾਂ ਦੇ ਨਤੀਜੇ ਆਉਂਦੇ ਹਨ ਅਤੇ ਸੱਤਾ ਦੀਆਂ ਕੁਰਸੀਆਂ ਵੰਡੀਆਂ ਜਾਂਦੀਆਂ ਹਨ, ਇਹ ਗੰਭੀਰ ਮੁੱਦਾ ਫਾਈਲਾਂ ਦੇ ਢੇਰਾਂ ਅਤੇ ਸਿਆਸੀ ਬਿਆਨਬਾਜ਼ੀ ਤੱਕ ਸੀਮਿਤ ਹੋ ਕੇ ਰਹਿ ਜਾਂਦਾ ਹੈ।

ਨਸ਼ੇ ਦੀ ਇਸ ਦਲਦਲ ਨੇ ਪੰਜਾਬ ਦੀ ਜਵਾਨੀ ਨੂੰ ਜਿਸ ਬੇਰਹਿਮੀ ਨਾਲ ਆਪਣੀ ਲਪੇਟ ਵਿੱਚ ਲਿਆ ਹੈ, ਉਹ ਬਹੁਤ ਹੀ ਖ਼ੌਫ਼ਨਾਕ ਹੈ। ਪੰਜਾਬ ਦੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਸ਼ਾਇਦ ਹੀ ਕੋਈ ਅਜਿਹਾ ਗਲੀ-ਮੁਹੱਲਾ ਹੋਵੇਗਾ ਜਿੱਥੇ ਕਿਸੇ ਘਰ ਦਾ ਚਿਰਾਗ਼ ਇਸ ਬੁਰਾਈ ਦੀ ਭੇਟ ਨਾ ਚੜ੍ਹਿਆ ਹੋਵੇ। ਮਾਵਾਂ ਦੇ ਪੁੱਤ, ਭੈਣਾਂ ਦੇ ਵੀਰ ਅਤੇ ਛੋਟੇ-ਛੋਟੇ ਬੱਚਿਆਂ ਦੇ ਬਾਪ ਅੱਜ ਨਸ਼ੇ ਦੀ ਓਵਰਡੋਜ਼ ਕਾਰਨ ਅਕਾਲ ਮੌਤ ਦਾ ਸ਼ਿਕਾਰ ਹੋ ਰਹੇ ਹਨ। ਰੋਜ਼ਾਨਾ ਅਖ਼ਬਾਰਾਂ ਅਤੇ ਸੋਸ਼ਲ ਮੀਡੀਆ 'ਤੇ ਆਉਂਦੀਆਂ ਖ਼ਬਰਾਂ ਜਿਨ੍ਹਾਂ ਵਿੱਚ ਨੌਜਵਾਨਾਂ ਦੀਆਂ ਸੁੰਨ ਪਈਆਂ ਦੇਹਾਂ ਖੇਤਾਂ, ਸਰਕਾਰੀ ਸਕੂਲਾਂ ਦੇ ਮੈਦਾਨਾਂ ਜਾਂ ਸੜਕਾਂ ਦੇ ਕਿਨਾਰਿਆਂ 'ਤੇ ਪਈਆਂ ਮਿਲਦੀਆਂ ਹਨ।ਇਹ ਆਲਮ ਹਰ ਸੰਵੇਦਨਸ਼ੀਲ ਮਨ ਨੂੰ ਝੰਜੋੜ ਰਿਹਾ ਹੈ, ਪਰ ਅਫ਼ਸੋਸ ਦੀ ਗੱਲ ਇਹ ਹੈ ਕਿ ਇਹ ਮੌਤਾਂ ਹੁਣ ਸਿਰਫ਼ ਅੰਕੜੇ ਬਣ ਕੇ ਰਹਿ ਗਈਆਂ ਹਨ। ਸਿਆਸੀ ਆਗੂ ਇਨ੍ਹਾਂ ਮੌਤਾਂ 'ਤੇ ਦੂਸ਼ਣਬਾਜ਼ੀ ਦੀ ਰਾਜਨੀਤੀ ਤਾਂ ਕਰਦੇ ਹਨ, ਪਰ ਇਸ ਦੇ ਪਿੱਛੇ ਦੇ ਅਸਲ ਕਾਰਨਾਂ ਨੂੰ ਖਤਮ ਕਰਨ ਲਈ ਕੋਈ ਸੰਜੀਦਾ ਯੋਜਨਾ ਨਹੀਂ ਬਣਾਉਂਦੇ।

ਪੰਜਾਬ ਵਿੱਚ ਨਸ਼ੇ ਦਾ ਫੈਲਾਅ ਕੋਈ ਇੱਕ-ਦੋ ਦਿਨਾਂ ਦੀ ਘਟਨਾ ਨਹੀਂ, ਸਗੋਂ ਇਹ ਇੱਕ ਡੂੰਘੀ ਅਤੇ ਸੁਚੱਜੀ ਸਾਜ਼ਿਸ਼ ਵਾਂਗ ਪਿਛਲੇ ਕਈ ਦਹਾਕਿਆਂ ਤੋਂ ਚੱਲ ਰਿਹਾ ਹੈ। ਪਰੰਪਰਾਗਤ ਨਸ਼ਿਆਂ, ਜਿਵੇਂ ਕਿ ਅਫ਼ੀਮ ਅਤੇ ਭੁੱਕੀ ਤੋਂ ਸ਼ੁਰੂ ਹੋਇਆ ਇਹ ਸਫ਼ਰ ਅੱਜ ਸਿੰਥੈਟਿਕ ਨਸ਼ਿਆਂ ਜਿਵੇਂ ਕਿ ਚਿੱਟਾ, ਹੈਰੋਇਨ, ਨਸ਼ੀਲੀਆਂ ਗੋਲੀਆਂ, ਕੈਪਸੂਲ ਅਤੇ ਟੀਕਿਆਂ ਤੱਕ ਪਹੁੰਚ ਚੁੱਕਾ ਹੈ। ਚਿੱਟੇ ਵਰਗੇ ਖ਼ਤਰਨਾਕ ਨਸ਼ੇ ਨੇ ਨੌਜਵਾਨਾਂ ਨੂੰ ਸਰੀਰਕ ਅਤੇ ਮਾਨਸਿਕ ਤੌਰ 'ਤੇ ਪੂਰੀ ਤਰ੍ਹਾਂ ਨਕਾਰਾ ਕਰ ਦਿੱਤਾ ਹੈ। ਇਸ ਨਸ਼ੇ ਦੀ ਲਤ ਏਨੀ ਭਿਆਨਕ ਹੈ ਕਿ ਇਸ ਨੂੰ ਪੂਰਾ ਕਰਨ ਲਈ ਨੌਜਵਾਨ ਚੋਰੀਆਂ, ਲੁੱਟਾਂ-ਖੋਹਾਂ ਅਤੇ ਇੱਥੋਂ ਤੱਕ ਕਿ ਆਪਣੇ ਹੀ ਘਰਾਂ ਦੇ ਸਮਾਨ ਵੇਚਣ ਤੋਂ ਵੀ ਗੁਰੇਜ਼ ਨਹੀਂ ਕਰਦੇ। ਇਸ ਕਾਰਨ ਸਮਾਜ ਵਿੱਚ ਅਪਰਾਧ ਦੀ ਦਰ ਵਿੱਚ ਵੀ ਬੇਤਹਾਸ਼ਾ ਵਾਧਾ ਹੋਇਆ ਹੈ।

ਸਿਆਸੀ ਪਾਰਟੀਆਂ ਦਾ ਰਵੱਈਆ ਇਸ ਪੂਰੇ ਮਾਮਲੇ ਵਿੱਚ ਸਭ ਤੋਂ ਵੱਧ ਨਿਰਾਸ਼ਾਜਨਕ ਰਿਹਾ ਹੈ। ਜਦੋਂ ਵੀ ਚੋਣਾਂ ਦਾ ਸਮਾਂ ਨੇੜੇ ਆਉਂਦਾ ਹੈ, ਤਾਂ ਹਰ ਪਾਰਟੀ ਆਪਣੇ ਚੋਣ ਘੋਸ਼ਣਾ ਪੱਤਰ ਵਿੱਚ ਨਸ਼ਾ ਮੁਕਤ ਪੰਜਾਬ ਦਾ ਵਾਅਦਾ ਸਭ ਤੋਂ ਉਪਰ ਰੱਖਦੀ ਹੈ। ਕੋਈ ਪਾਰਟੀ ਚਾਰ ਹਫ਼ਤਿਆਂ ਵਿੱਚ ਨਸ਼ਾ ਖ਼ਤਮ ਕਰਨ ਦਾ ਦਾਅਵਾ ਕਰਦੀ ਹੈ, ਤਾਂ ਕੋਈ ਪੁਲਸ ਪ੍ਰਸ਼ਾਸਨ ਨੂੰ ਸੁਧਾਰ ਕੇ ਨਸ਼ਾ ਤਸਕਰਾਂ ਦੀ ਪਿੱਠ ਤੋੜਨ ਦੀਆਂ ਗੱਲਾਂ ਕਰਦੀ ਹੈ, ਪਰ ਚੋਣਾਂ ਜਿੱਤਣ ਤੋਂ ਬਾਅਦ ਇਹ ਸਾਰੇ ਵਾਅਦੇ ਹਵਾ ਵਿੱਚ ਉਡ ਜਾਂਦੇ ਹਨ। ਸਰਕਾਰਾਂ ਬਦਲਦੀਆਂ ਰਹਿੰਦੀਆਂ ਹਨ, ਚਿਹਰੇ ਬਦਲਦੇ ਹਨ, ਪਰ ਪੰਜਾਬ ਦੇ ਹਾਲਾਤ ਨਹੀਂ ਬਦਲਦੇ।

ਇਸ ਮੁੱਦੇ ਦਾ ਇੱਕ ਹੋਰ ਦੁਖਦ ਪਹਿਲੂ ਇਹ ਹੈ ਕਿ ਨਸ਼ਿਆਂ ਦੇ ਕਾਰਨ ਪੰਜਾਬ ਦਾ ਸਮਾਜਿਕ ਅਤੇ ਆਰਥਿਕ ਢਾਂਚਾ ਪੂਰੀ ਤਰ੍ਹਾਂ ਤਬਾਹ ਹੋ ਰਿਹਾ ਹੈ। ਪੰਜਾਬ ਦਾ ਕਿਸਾਨ ਅਤੇ ਮਜ਼ਦੂਰ ਪਹਿਲਾਂ ਹੀ ਕਰਜ਼ੇ ਦੀ ਮਾਰ ਹੇਠ ਦਬਿਆ ਹੋਇਆ ਸੀ ਅਤੇ ਹੁਣ ਘਰਾਂ ਵਿੱਚ ਨਸ਼ੇੜੀ ਬੱਚਿਆਂ ਦੇ ਇਲਾਜ ਅਤੇ ਉਨ੍ਹਾਂ ਦੀਆਂ ਨਸ਼ੇ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਜ਼ਮੀਨਾਂ ਅਤੇ ਗਹਿਣੇ ਵੇਚਣੇ ਪੈ ਰਹੇ ਹਨ। ਜਿਨ੍ਹਾਂ ਪਰਵਾਰਾਂ ਦੇ ਕਮਾਊ ਜੀਅ ਨਸ਼ੇ ਦੀ ਭੇਟ ਚੜ੍ਹ ਗਏ ਹਨ, ਉਹ ਪਰਵਾਰ ਅੱਜ ਰੋਟੀ-ਰੋਜ਼ੀ ਤੋਂ ਵੀ ਮੁਹਤਾਜ ਹੋ ਚੁੱਕੇ ਹਨ। ਬਜ਼ੁਰਗ ਮਾਪੇ ਜੋ ਆਪਣੀ ਬੁਢਾਪੇ ਦੀ ਉਮਰ ਵਿੱਚ ਪੁੱਤਾਂ ਦੇ ਸਹਾਰੇ ਦੀ ਆਸ ਰੱਖਦੇ ਸਨ, ਅੱਜ ਆਪਣੇ ਜਵਾਨ ਪੁੱਤਾਂ ਦੀਆਂ ਅਰਥੀਆਂ ਚੁੱਕਣ ਲਈ ਮਜਬੂਰ ਹਨ। ਇਨ੍ਹਾਂ ਦੁਖਿਆਰੀਆਂ ਮਾਵਾਂ ਅਤੇ ਅਨਾਥ ਹੋਏ ਬੱਚਿਆਂ ਦੇ ਹੰਝੂ ਸਿਆਸੀ ਨੇਤਾਵਾਂ ਦੇ ਦਿਲ ਪਿਘਲਾਉਣ ਵਿੱਚ ਨਾਕਾਮ ਰਹੇ ਹਨ।

ਕਿਸੇ ਸਮੇਂ ਪੰਜਾਬ ਦੇ ਪਿੰਡਾਂ ਵਿੱਚ ਖੇਡ ਮੈਦਾਨ ਗੱਭਰੂਆਂ ਨਾਲ ਭਰੇ ਰਹਿੰਦੇ ਸਨ, ਪਰ ਹੁਣ ਸੁਵਿਧਾਵਾਂ ਦੀ ਘਾਟ ਅਤੇ ਸਰਕਾਰੀ ਅਣਦੇਖੀ ਕਾਰਨ ਇਹ ਮੈਦਾਨ ਸੁੰਨਸਾਨ ਪਏ ਹਨ। ਇਸ ਤੋਂ ਇਲਾਵਾ ਸਰਹੱਦੀ ਰਾਜ ਹੋਣ ਦੇ ਨਾਤੇ ਪਾਕਿਸਤਾਨ ਵੱਲੋਂ ਡਰੋਨਾਂ ਰਾਹੀਂ ਕੀਤੀ ਜਾਂਦੀ ਨਸ਼ਿਆਂ ਦੀ ਤਸਕਰੀ ਵੀ ਇੱਕ ਵੱਡੀ ਚੁਣੌਤੀ ਹੈ, ਪਰ ਸਥਾਨਕ ਪੁਲਸ ਅਤੇ ਪ੍ਰਸ਼ਾਸਨ ਦੀ ਮਿਲੀਭੁਗਤ ਤੋਂ ਬਿਨਾਂ ਇਹ ਨਸ਼ਾ ਪਿੰਡ-ਪਿੰਡ ਤੱਕ ਨਹੀਂ ਪਹੁੰਚ ਸਕਦਾ।ਜਦੋਂ ਤੱਕ ਨਸ਼ੇ ਦੇ ਮੁੱਦੇ ਨੂੰ ਸਿਰਫ਼ ਪੁਲਸ ਦਾ ਮੁੱਦਾ ਜਾਂ ਰਾਜਨੀਤਕ ਬਿਆਨਬਾਜ਼ੀ ਦਾ ਵਿਸ਼ਾ ਮੰਨਿਆ ਜਾਵੇਗਾ, ਉਦੋਂ ਤੱਕ ਇਸ ਦਾ ਹੱਲ ਸੰਭਵ ਨਹੀਂ। ਨਸ਼ਾ ਸਿਰਫ਼ ਇੱਕ ਅਪਰਾਧ ਨਹੀਂ, ਸਗੋਂ ਇੱਕ ਗੰਭੀਰ ਮਾਨਸਿਕ ਅਤੇ ਸਰੀਰਕ ਬੀਮਾਰੀ ਹੈ। ਪੰਜਾਬ ਵਿੱਚ ਨਸ਼ਾ ਮੁਕਤੀ ਕੇਂਦਰਾਂ ਦੀ ਸਥਿਤੀ ਵੀ ਬਹੁਤ ਚਿੰਤਾਜਨਕ ਹੈ। ਬਹੁਤੇ ਸਰਕਾਰੀ ਨਸ਼ਾ ਮੁਕਤੀ ਕੇਂਦਰਾਂ ਵਿੱਚ ਲੋੜੀਂਦੀਆਂ ਦਵਾਈਆਂ, ਮਾਹਰ ਡਾਕਟਰਾਂ ਅਤੇ ਕੌਂਸਲਰਾਂ ਦੀ ਘਾਟ ਹੈ। ਨਸ਼ਾ ਛੱਡਣ ਦੀ ਇੱਛਾ ਰੱਖਣ ਵਾਲੇ ਨੌਜਵਾਨਾਂ ਨੂੰ ਸਹੀ ਇਲਾਜ ਅਤੇ ਮਨੋਵਿਗਿਆਨਕ ਸਹਾਰਾ ਨਹੀਂ ਮਿਲਦਾ, ਜਿਸ ਕਾਰਨ ਉਹ ਇਲਾਜ ਤੋਂ ਬਾਅਦ ਮੁੜ ਨਸ਼ੇ ਦੀ ਦਲਦਲ ਵਿੱਚ ਡਿੱਗ ਪੈਂਦੇ ਹਨ। ਨਸ਼ਾ ਛੁਡਾਊ ਨੀਤੀਆਂ ਵਿੱਚ ਮੁੜ ਵਸੇਬੇ ਦਾ ਕੋਈ ਪੁਖ਼ਤਾ ਪ੍ਰਬੰਧ ਨਹੀਂ। ਜੇਕਰ ਕੋਈ ਨੌਜਵਾਨ ਨਸ਼ਾ ਛੱਡ ਵੀ ਲੈਂਦਾ ਹੈ, ਤਾਂ ਸਮਾਜ ਉਸ ਨੂੰ ਅਪਣਾਉਣ ਤੋਂ ਝਿਜਕਦਾ ਹੈ ਅਤੇ ਉਸ ਨੂੰ ਰੋਜ਼ਗਾਰ ਦੇ ਅਵਸਰ ਨਹੀਂ ਮਿਲਦੇ। ਜਿਸ ਨਾਲ ਉਹ ਦੁਬਾਰਾ ਉਸੇ ਰਸਤੇ 'ਤੇ ਤੁਰ ਪੈਂਦਾ ਹੈ।

ਇਹ ਵੀ ਦੇਖਣ ਵਿੱਚ ਆਇਆ ਹੈ ਕਿ ਚੋਣਾਂ ਦੌਰਾਨ ਸਿਆਸੀ ਧਿਰਾਂ ਇੱਕ-ਦੂਜੇ 'ਤੇ ਨਸ਼ਾ ਤਸਕਰਾਂ ਨੂੰ ਪਨਾਹ ਦੇਣ ਦੇ ਦੋਸ਼ ਲਗਾਉਂਦੀਆਂ ਹਨ, ਪਰ ਜਦੋਂ ਕੋਈ ਪਾਰਟੀ ਸੱਤਾ ਵਿੱਚ ਆਉਂਦੀ ਹੈ ਤਾਂ ਉਹ ਵਿਰੋਧੀ ਧਿਰ ਦੇ ਨੇਤਾਵਾਂ 'ਤੇ ਕਾਰਵਾਈ ਕਰਨ ਦੀ ਬਜਾਏ ਸਿਆਸੀ ਬਦਲਾਖੋਰੀ ਤੱਕ ਹੀ ਸੀਮਤ ਰਹਿ ਜਾਂਦੀ ਹੈ ਜਾਂ ਫਿਰ ਆਪਸੀ ਸਮਝੌਤੇ ਕਰ ਲੈਂਦੀ ਹੈ। ਇਸ ਸਿਆਸੀ ਨੂਰਾ-ਕੁਸ਼ਤੀ ਨੇ ਜਨਤਾ ਦਾ ਪ੍ਰਸ਼ਾਸਨ ਅਤੇ ਰਾਜਨੀਤਕ ਪ੍ਰਣਾਲੀ ਤੋਂ ਭਰੋਸਾ ਪੂਰੀ ਤਰ੍ਹਾਂ ਚੁੱਕ ਦਿੱਤਾ ਹੈ। ਲੋਕਾਂ ਨੂੰ ਹੁਣ ਇਹ ਲੱਗਣ ਲੱਗ ਪਿਆ ਹੈ ਕਿ ਕੋਈ ਵੀ ਪਾਰਟੀ ਨਸ਼ੇ ਨੂੰ ਖ਼ਤਮ ਕਰਨ ਲਈ ਗੰਭੀਰ ਨਹੀਂ, ਸਗੋਂ ਹਰ ਕੋਈ ਇਸ ਦੁਖਾਂਤ ਨੂੰ ਆਪਣੇ ਵੋਟ ਬੈਂਕ ਲਈ ਵਰਤਣਾ ਚਾਹੁੰਦਾ ਹੈ।

ਜੇਕਰ ਪੰਜਾਬ ਨੂੰ ਨਸ਼ਿਆਂ ਦੀ ਇਸ ਭਿਆਨਕ ਅੱਗ ਤੋਂ ਬਚਾਉਣਾ ਹੈ ਤਾਂ ਸਭ ਤੋਂ ਪਹਿਲਾਂ ਇਸ ਮੁੱਦੇ ਨੂੰ ਚੋਣ ਰਾਜਨੀਤੀ ਤੋਂ ਮੁਕਤ ਕਰਨਾ ਹੋਵੇਗਾ। ਸਾਰੀਆਂ ਸਿਆਸੀ ਪਾਰਟੀਆਂ ਨੂੰ ਰਾਜਨੀਤੀ ਤੋਂ ਉੱਪਰ ਉਠ ਕੇ ਇੱਕ ਸਾਂਝੀ ਅਤੇ ਦ੍ਰਿੜ੍ਹ ਇੱਛਾ ਸ਼ਕਤੀ ਵਾਲੀ ਨੀਤੀ ਬਣਾਉਣੀ ਪਵੇਗੀ। ਨਸ਼ਾ ਤਸਕਰੀ ਦੀ ਸਪਲਾਈ ਚੇਨ ਨੂੰ ਤੋੜਨ ਲਈ ਸਖ਼ਤ ਤੋਂ ਸਖ਼ਤ ਕਾਨੂੰਨੀ ਕਦਮ ਚੁੱਕਣੇ ਪੈਣਗੇ, ਚਾਹੇ ਇਸ ਵਿੱਚ ਕਿਸੇ ਵੀ ਪਾਰਟੀ ਦਾ ਵੱਡਾ ਤੋਂ ਵੱਡਾ ਨੇਤਾ ਜਾਂ ਉੱਚ ਪੁਲਿਸ ਅਧਿਕਾਰੀ ਹੀ ਕਿਉਂ ਨਾ ਸ਼ਾਮਿਲ ਹੋਵੇ। ਪੁਲਸ ਪ੍ਰਸ਼ਾਸਨ ਵਿੱਚ ਜਵਾਬਦੇਹੀ ਤੈਅ ਕੀਤੀ ਜਾਣੀ ਚਾਹੀਦੀ ਹੈ ਅਤੇ ਭ੍ਰਿਸ਼ਟ ਅਧਿਕਾਰੀਆਂ ਖਿਲਾਫ਼ ਮਿਸਾਲੀ ਕਾਰਵਾਈ ਹੋਣੀ ਚਾਹੀਦੀ ਹੈ।

ਇਸ ਦੇ ਨਾਲ ਹੀ ਨਸ਼ੇ ਦੀ ਮੰਗ ਨੂੰ ਘਟਾਉਣ ਲਈ ਵੱਡੇ ਪੱਧਰ 'ਤੇ ਸਮਾਜਿਕ ਅਤੇ ਜਾਗਰੂਕਤਾ ਅਭਿਆਨ ਚਲਾਉਣ ਦੀ ਲੋੜ ਹੈ। ਪੰਜਾਬ ਦੇ ਨੌਜਵਾਨਾਂ ਨੂੰ ਸਕਰਾਤਮਕ ਦਿਸ਼ਾ ਵੱਲ ਮੋੜਨ ਲਈ ਰੋਜ਼ਗਾਰ ਦੇ ਨਵੇਂ ਅਵਸਰ ਪੈਦਾ ਕਰਨੇ ਪੈਣਗੇ। ਪਿੰਡ-ਪਿੰਡ ਵਿੱਚ ਖੇਡ ਸਟੇਡੀਅਮ, ਜਿੰਮ ਅਤੇ ਲਾਇਬ੍ਰੇਰੀਆਂ ਖੋਲ੍ਹੀਆਂ ਜਾਣੀਆਂ ਚਾਹੀਦੀਆਂ ਹਨ, ਤਾਂ ਜੋ ਨੌਜਵਾਨਾਂ ਦੀ ਊਰਜਾ ਨੂੰ ਰਚਨਾਤਮਕ ਕੰਮਾਂ ਵਿੱਚ ਲਗਾਇਆ ਜਾ ਸਕੇ। ਸਿੱਖਿਆ ਪ੍ਰਣਾਲੀ ਵਿੱਚ ਨੈਤਿਕ ਕਦਰਾਂ-ਕੀਮਤਾਂ ਅਤੇ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕਤਾ ਸ਼ਾਮਲ ਕੀਤੀ ਜਾਣੀ ਚਾਹੀਦੀ ਹੈ।

ਨਸ਼ਾ ਪੀੜਤ ਨੂੰ ਅਪਰਾਧੀ ਦੀ ਨਜ਼ਰ ਨਾਲ ਦੇਖਣ ਦੀ ਬਜਾਏ ਇੱਕ ਬੀਮਾਰ ਵਿਅਕਤੀ ਵਜੋਂ ਦੇਖਿਆ ਜਾਣਾ ਚਾਹੀਦਾ ਹੈ, ਜਿਸ ਨੂੰ ਇਲਾਜ ਅਤੇ ਪਿਆਰ ਦੀ ਲੋੜ ਹੈ। ਜੇਕਰ ਪੰਜਾਬ ਵਿੱਚ ਨਸ਼ਿਆਂ ਦਾ ਮੁੱਦਾ ਸਿਰਫ਼ ਚੋਣਾਂ ਤੱਕ ਹੀ ਸੀਮਿਤ ਰਿਹਾ, ਤਾਂ ਉਹ ਦਿਨ ਦੂਰ ਨਹੀਂ, ਜਦੋਂ ਪੰਜਾਬ ਦਾ ਵਜੂਦ ਹੀ ਖ਼ਤਰੇ ਵਿੱਚ ਪੈ ਜਾਵੇਗਾ। ਸਿਆਸੀ ਲੀਡਰਾਂ ਨੂੰ ਇਹ ਸਮਝਣਾ ਹੋਵੇਗਾ ਕਿ ਵੋਟਾਂ ਅਤੇ ਸੱਤਾ ਆਉਂਦੀਆਂ-ਜਾਂਦੀਆਂ ਰਹਿੰਦੀਆਂ ਹਨ, ਪਰ ਜੇਕਰ ਪੰਜਾਬ ਦੀ ਜਵਾਨੀ ਹੀ ਨਾ ਰਹੀ ਤਾਂ ਉਹ ਕਿਸ 'ਤੇ ਰਾਜ ਕਰਨਗੇ? ਪੰਜਾਬ ਦੇ ਲੋਕਾਂ ਨੂੰ ਵੀ ਹੁਣ ਚੋਣਾਂ ਸਮੇਂ ਸਿਆਸਤਦਾਨਾਂ ਦੇ ਖੋਖਲੇ ਵਾਅਦਿਆਂ ਅਤੇ ਸਹੁੰਆਂ 'ਤੇ ਅੰਨ੍ਹਾ ਵਿਸ਼ਵਾਸ ਕਰਨ ਦੀ ਬਜਾਏ ਠੋਸ ਅਮਲ ਅਤੇ ਨੀਤੀਆਂ ਦੀ ਮੰਗ ਕਰਨੀ ਪਵੇਗੀ। ਜੇਕਰ ਹੁਣ ਵੀ ਗੰਭੀਰਤਾ ਨਾਲ ਕਦਮ ਨਾ ਚੁੱਕੇ ਗਏ ਤਾਂ ਇਤਿਹਾਸ ਕਦੇ ਵੀ ਇਸ ਪੀੜ੍ਹੀ ਅਤੇ ਇਸ ਦੀ ਸਿਆਸਤ ਨੂੰ ਮੁਆਫ਼ ਨਹੀਂ ਕਰੇਗਾ। ਪੰਜਾਬ ਨੂੰ ਨਸ਼ਾ ਮੁਕਤ ਕਰਨਾ ਸਿਰਫ਼ ਇੱਕ ਚੋਣ ਵਾਅਦਾ ਨਹੀਂ, ਸਗੋਂ ਪੰਜਾਬ ਦੇ ਭਵਿੱਖ ਨੂੰ ਬਚਾਉਣ ਲਈ ਇੱਕ ਜ਼ਰੂਰੀ ਰਾਸ਼ਟਰੀ ਮਿਸ਼ਨ ਹੋਣਾ ਚਾਹੀਦਾ ਹੈ।

**# ਸੰਪਰਕ : 98786-05965**

# ਪਲਸ ਪੋਲੀਓ ਮੁਹਿੰਮ : ਦੋ ਬੂੰਦ ਜ਼ਿੰਦਗੀ ਦੀਆਂ

**ਦਿਨੇਸ਼ ਦਮਾਥੀਆ**

ਪੋਲੀਓ... ਇੱਕ ਅਜਿਹਾ ਸ਼ਬਦ, ਜਿਸ ਨੂੰ ਸੁਣ ਕੇ ਹੀ ਸਰੀਰ ਵਿੱਚ ਸਿਹਰਨ ਦੌੜ ਜਾਂਦੀ ਹੈ। ਇੱਕ ਅਜਿਹੀ ਬਿਮਾਰੀ, ਜੋ ਇੱਕ ਹੱਸਦੇ-ਖੇਡਦੇ ਬੱਚੇ ਨੂੰ ਪਲ ਵਿੱਚ ਅਪਾਹਜ ਬਣਾ ਦਿੰਦੀ ਹੈ। ਉਸ ਦੀਆਂ ਲੱਤਾਂ ਖੋਹ ਲੈਂਦੀ ਹੈ, ਉਸ ਦੇ ਹੱਥਾਂ ਦੀ ਤਾਕਤ ਖੋਹ ਲੈਂਦੀ ਹੈ ਅਤੇ ਉਸ ਨੂੰ ਜ਼ਿੰਦਗੀ ਭਰ ਲਈ ਦੂਜਿਆਂ 'ਤੇ ਨਿਰਭਰ ਕਰ ਦਿੰਦੀ ਹੈ। ਅੱਜ ਭਾਵੇਂ ਭਾਰਤ ਪੋਲੀਓ ਮੁਕਤ ਹੋ ਗਿਆ ਹੈ,ਪਰ ਜਿਹੜੇ ਲੱਖਾਂ ਲੋਕ ਪਹਿਲਾਂ ਪੋਲੀਓ ਦਾ ਸ਼ਿਕਾਰ ਹੋ ਚੁੱਕੇ ਨੇ ਉਹ ਅੱਜ ਵੀ ਉਸ ਸਰਾਪ ਨੂੰ ਹੰਢਾ ਰਹੇ ਨੇ। ਉਹਨਾਂ ਲਈ ਪੋਲੀਓ ਸਿਰਫ ਇੱਕ ਬਿਮਾਰੀ ਨਹੀਂ, ਉਹ ਇੱਕ ਉਮਰ ਭਰ ਦਾ ਸਰਾਪ ਬਣ ਗਿਆ ਹੈ।

ਪੋਲੀਓ ਇੱਕ ਖਤਰਨਾਕ ਵਾਇਰਸ ਨਾਲ ਹੋਣ ਵਾਲੀ ਬਿਮਾਰੀ ਹੈ। ਇਸ ਦਾ ਪੂਰਾ ਨਾਂਅ ਪੋਲੀਓਮਾਈਲਾਈਟਿਸ ਹੈ।ਇਹ ਵਾਇਰਸ ਜ਼ਿਆਦਾਤਰ 5 ਸਾਲ ਤੋਂ ਘੱਟ ਉਮਰ ਦੇ ਬੱਚਿਆਂ 'ਤੇ ਹਮਲਾ ਕਰਦਾ ਹੈ। ਇਹ ਗੰਦੇ ਪਾਣੀ, ਗੰਦੇ ਹੱਥਾਂ ਜਾਂ ਮਲ-ਮੂਤਰ ਰਾਹੀਂ ਫੈਲਦਾ ਹੈ। ਜਦੋਂ ਇਹ ਵਾਇਰਸ ਸਰੀਰ ਵਿੱਚ ਜਾਂਦਾ ਹੈ ਤਾਂ ਇਹ ਸਾਡੀ ਰੀੜ੍ਹ ਦੀ ਹੱਡੀ ਦੇ ਉਸ ਹਿੱਸੇ 'ਤੇ ਹਮਲਾ ਕਰਦਾ ਹੈ, ਜੋ ਸਾਡੀਆਂ ਮਾਸਪੇਸ਼ੀਆਂ ਨੂੰ ਕੰਟਰੋਲ ਕਰਦਾ ਹੈ। ਇਸ ਨਾਲ ਮਾਸਪੇਸ਼ੀਆਂ ਸੁੱਕਣ ਲੱਗ ਪੈਂਦੀਆਂ ਨੇ ਅਤੇ ਬੱਚਾ ਅਪਾਹਜ ਹੋ ਜਾਂਦਾ ਹੈ। ਕਈ ਵਾਰ ਇਹ ਵਾਇਰਸ ਸਾਹ ਵਾਲੀਆਂ ਮਾਸਪੇਸ਼ੀਆਂ 'ਤੇ ਵੀ ਹਮਲਾ ਕਰ ਦਿੰਦਾ ਹੈ, ਜਿਸ ਨਾਲ ਮੌਤ ਵੀ ਹੋ ਜਾਂਦੀ ਹੈ। ਸਭ ਤੋਂ ਦੁਖਦਾਈ ਗੱਲ ਇਹ ਹੈ ਕਿ ਇਸ ਦਾ ਕੋਈ ਇਲਾਜ ਨਹੀਂ। ਇੱਕ ਵਾਰ ਲੱਤ ਸੁੱਕ ਗਈ ਤਾਂ ਉਹ ਦੁਬਾਰਾ ਠੀਕ ਨਹੀਂ ਹੁੰਦੀ। ਇਸ ਨੂੰ ਸਿਰਫ ਪੋਲੀਓ ਦੀਆਂ ਦੋ ਬੂੰਦਾਂ ਨਾਲ ਰੋਕਿਆ ਜਾ ਸਕਦਾ ਹੈ। ਜਿਹੜਾ ਬੱਚਾ ਪੋਲੀਓ ਗ੍ਰਸਤ ਹੋ ਜਾਂਦਾ ਹੈ, ਉਸ ਦੀ ਜ਼ਿੰਦਗੀ ਹਮੇਸ਼ਾ ਲਈ ਬਦਲ ਜਾਂਦੀ ਹੈ। ਛੋਟੀ ਉਮਰ ਵਿੱਚ ਤਾਂ ਉਸ ਨੂੰ ਪਤਾ ਵੀ ਨਹੀਂ ਲੱਗਦਾ ਕਿ ਉਸ ਨਾਲ ਕੀ ਹੋਇਆ ਹੈ। ਉਹ ਦੂਜੇ ਬੱਚਿਆਂ ਨੂੰ ਭੱਜਦੇ, ਦੌੜਦੇ, ਖੇਡਦੇ ਵੇਖਦਾ ਹੈ ਅਤੇ ਆਪਣੇ ਆਪ ਨੂੰ ਕੋਸਦਾ ਹੈ। ਉਹ ਸਕੂਲ ਜਾਣਾ ਚਾਹੁੰਦਾ ਹੈ, ਪਰ ਪੌੜੀਆਂ ਨਹੀਂ ਚੜ੍ਹ ਸਕਦਾ। ਉਹ ਖੇਡਣਾ ਚਾਹੁੰਦਾ ਹੈ, ਪਰ ਦੌੜ ਨਹੀਂ ਸਕਦਾ। ਹੌਲੀ-ਹੌਲੀ ਉਸ ਵਿੱਚ ਹੀਣ ਭਾਵਨਾ ਆ ਜਾਂਦੀ ਹੈ।



ਜਦੋਂ ਉਹ ਵੱਡਾ ਹੁੰਦਾ ਹੈ ਤਾਂ ਸਮਾਜ ਉਸ ਨੂੰ ਇੱਕ ਹੋਰ ਸਰਾਪ ਦਿੰਦਾ ਹੈ। ਲੋਕ ਉਸ ਨੂੰ ਤਰਸ ਦੀਆਂ ਨਜ਼ਰਾਂ ਨਾਲ ਵੇਖਦੇ ਨੇ। ਵਿਆਹ-ਸ਼ਾਦੀ ਦੇ ਮਾਮਲੇ ਵਿੱਚ ਉਸ ਨੂੰ ਕੋਈ ਨਹੀਂ ਪੁੱਛਦਾ। ਕੁੜੀ ਹੋਵੇ ਤਾਂ ਲੋਕ ਕਹਿੰਦੇ ਨੇ ਇਹ ਬੱਚੇ ਕਿਵੇਂ ਸਾਂਭੇਗੀ? ਮੁੰਡਾ ਹੋਵੇ ਤਾਂ ਕਹਿੰਦੇ ਨੇ ਇਹ ਕਮਾ ਕੇ ਕਿਵੇਂ ਖੁਆਏਗਾ? ਨੌਕਰੀ ਲੱਭਣੀ ਵੀ ਉਹਨਾਂ ਲਈ ਇੱਕ ਜੰਗ ਹੈ। ਭਾਵੇਂ ਦਿਮਾਗ ਵਿੱਚ ਬਹੁਤ ਤੇਜ਼ ਹੋਣ, ਪੜ੍ਹਾਈ ਵਿੱਚ ਹੁਸ਼ਿਆਰ ਹੋਣ, ਪਰ ਸਰੀਰਕ ਕਮਜ਼ੋਰੀ ਕਰਕੇ ਉਹਨਾਂ ਨੂੰ ਨੌਕਰੀ ਨਹੀਂ ਮਿਲਦੀ। ਪੋਲੀਓ ਗ੍ਰਸਤ ਲੋਕਾਂ ਲਈ ਬਿਮਾਰੀ ਨਾਲੋਂ ਵੱਡਾ ਦੁੱਖ ਸਮਾਜ ਦਾ ਵਤੀਰਾ ਹੈ। ਸਾਡੇ ਸਮਾਜ ਵਿੱਚ ਅੱਜ ਵੀ ਅਪਾਹਜਤਾ ਨੂੰ ਪਿਛਲੇ ਜਨਮ ਦੇ ਕਰਮਾਂ ਦਾ ਫਲ ਸਮਝਿਆ ਜਾਂਦਾ ਹੈ। ਕਈ ਪਿੰਡਾਂ ਵਿੱਚ ਅੱਜ ਵੀ ਕਿਹਾ ਜਾਂਦਾ ਹੈ ਕਿ ਇਹਨੂੰ ਪੋਲੀਓ ਇਸ ਲਈ ਹੋਇਆ, ਕਿਉਂਕਿ ਇਸ ਦੇ ਮਾਪਿਆਂ ਨੇ ਕੋਈ ਪਾਪ ਕੀਤਾ ਸੀ। ਇਹ ਸੋਚ ਬਿਮਾਰੀ ਨਾਲੋਂ ਵੀ ਜ਼ਿਆਦਾ ਖਤਰਨਾਕ ਹੈ। ਜਦੋਂ ਅਸੀਂ ਕਿਸੇ ਪੋਲੀਓ ਗ੍ਰਸਤ ਵਿਅਕਤੀ ਨੂੰ ਵੇਖ ਕੇ ਮੂੰਹ ਮੋੜ ਲੈਂਦੇ ਹਾਂ ਅਤੇ ਜਦੋਂ ਅਸੀਂ ਉਸ ਦੀ ਮਦਦ ਕਰਨ ਦੀ ਬਜਾਏ ਉਸ 'ਤੇ ਹੱਸਦੇ ਹਾਂ ਤਾਂ ਅਸੀਂ ਉਸ ਨੂੰ ਦੂਜੀ ਵਾਰ ਅਪਾਹਜ ਬਣਾ ਰਹੇ ਹੁੰਦੇ ਹਾਂ। ਉਹਨਾਂ ਨੂੰ ਤਰਸ ਨਹੀਂ, ਮੌਕੇ ਦੀ ਲੋੜ ਹੈ। ਉਹਨਾਂ ਨੂੰ ਹਮਦਰਦੀ ਨਹੀਂ, ਬਰਾਬਰੀ ਦੀ ਲੋੜ ਹੈ। ਚੰਗੀ ਗੱਲ ਇਹ ਹੈ ਕਿ ਅਸੀਂ ਇਸ ਸਰਾਪ ਨੂੰ ਰੋਕਣ ਵਿੱਚ ਸਫਲ ਹੋਏ ਹਾਂ।

ਸਾਲ 1995 ਵਿੱਚ ਭਾਰਤ ਸਰਕਾਰ ਨੇ ਪਲਸ ਪੋਲੀਓ ਮੁਹਿੰਮ ਸ਼ੁਰੂ ਕੀਤੀ। ਦੋ ਬੂੰਦ ਜ਼ਿੰਦਗੀ ਦੀਆਂ ਦਾ ਨਾਅਰਾ ਘਰ-ਘਰ ਪਹੁੰਚਿਆ। ਸਿਹਤ ਕਰਮਚਾਰੀ ਬੂਥਾਂ 'ਤੇ, ਰੇਲਵੇ ਸਟੇਸ਼ਨਾਂ 'ਤੇ, ਘਰ-ਘਰ ਜਾ ਕੇ ਬੱਚਿਆਂ ਨੂੰ ਦਵਾਈ ਪਿਲਾਉਂਦੇ ਰਹੇ। ਇਸ ਮਿਹਨਤ ਦਾ ਫਲ ਮਿਲਿਆ ਅਤੇ 13 ਜਨਵਰੀ 2011 ਨੂੰ ਭਾਰਤ ਵਿੱਚ ਪੋਲੀਓ ਦਾ ਆਖਰੀ ਕੇਸ ਮਿਲਿਆ। 2014 ਵਿੱਚ ਵਿਸ਼ਵ ਸਿਹਤ ਸੰਗਠਨ ਨੇ ਭਾਰਤ ਨੂੰ ਪੋਲੀਓ ਮੁਕਤ ਦੇਸ਼ ਐਲਾਨ ਦਿੱਤਾ। ਇਹ ਸਾਡੇ ਦੇਸ਼ ਦੀ ਬਹੁਤ ਵੱਡੀ ਪ੍ਰਾਪਤੀ ਸੀ, ਪਰ ਇਸ ਦਾ ਮਤਲਬ ਇਹ ਨਹੀਂ ਕਿ ਖਤਰਾ ਖਤਮ ਹੋ ਗਿਆ। ਪਾਕਿਸਤਾਨ ਅਤੇ ਅਫਗਾਨਿਸਤਾਨ ਵਿੱਚ ਅੱਜ ਵੀ ਪੋਲੀਓ ਹੈ। ਜੇ ਅਸੀਂ ਆਪਣੇ ਬੱਚਿਆਂ ਨੂੰ ਦਵਾਈ ਪਿਲਾਉਣੀ ਬੰਦ ਕਰ ਦਿੱਤੀ ਤਾਂ ਇਹ ਵਾਇਰਸ ਦੁਬਾਰਾ ਆ ਸਕਦਾ ਹੈ। ਸਰਕਾਰ ਨੂੰ ਪਹਿਲਾਂ ਤੋਂ ਪੋਲੀਓ ਗ੍ਰਸਤ ਲੋਕਾਂ ਲਈ ਮੁਫਤ ਅਪ੍ਰੇਸ਼ਨ, ਮੁਫਤ ਕੈਲੀਪਰ, ਵ੍ਹੀਲਚੇਅਰ ਅਤੇ ਫਿਜ਼ੀਓਥੈਰੇਪੀ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਕਈਆਂ ਦੀਆਂ ਲੱਤਾਂ ਦਾ ਅਪ੍ਰੇਸ਼ਨ ਨਾਲ ਕੁਝ ਸੁਧਾਰ ਹੋ ਸਕਦਾ ਹੈ। ਉਹਨਾਂ ਲਈ ਵਿਸ਼ੇਸ਼ ਸਕੂਲ, ਕਾਲਜਾਂ ਵਿੱਚ ਰੈਂਪ ਅਤੇ 4 ਫੀਸਦੀ ਰਾਖਵਾਂਕਰਨ ਨੂੰ ਸਖਤੀ ਨਾਲ ਲਾਗੂ ਕਰਨਾ ਚਾਹੀਦਾ ਹੈ। ਉਹਨਾਂ ਨੂੰ ਕੰਪਿਊਟਰ, ਸਿਲਾਈ, ਮੋਬਾਇਲ ਰਿਪੇਅਰ ਵਰਗੇ ਕੰਮ ਸਿਖਾ ਕੇ ਆਤਮ ਨਿਰਭਰ ਬਣਾਉਣਾ ਚਾਹੀਦਾ ਹੈ। ਉਹਨਾਂ ਨੂੰ ਬੇਚਾਰਾ ਨਾ ਕਹੋ। ਉਹ ਬੇਚਾਰੇ ਨਹੀਂ, ਉਹ ਬਹਾਦਰ ਨੇ। ਜੋ ਵਿਅਕਤੀ ਬਿਨਾਂ ਲੱਤਾਂ ਤੋਂ ਜ਼ਿੰਦਗੀ ਦੀ ਦੌੜ ਵਿੱਚ ਅੱਗੇ ਵਧ ਰਿਹਾ ਹੈ, ਉਹ ਸਾਡੇ ਤੋਂ ਕਿਤੇ ਜ਼ਿਆਦਾ ਤਾਕਤਵਰ ਹੈ। ਉਹਨਾਂ ਨੂੰ ਬਰਾਬਰ ਦਾ ਸਤਿਕਾਰ ਦਿਓ। ਉਹਨਾਂ ਨਾਲ ਦੋਸਤੀ ਕਰੋ। ਪੋਲੀਓ ਗ੍ਰਸਤ ਲੋਕ ਇੱਕ ਸਰਾਪ ਜ਼ਰੂਰ ਹੰਢਾ ਰਹੇ ਨੇ, ਪਰ ਇਹ ਸਰਾਪ ਰੱਬ ਨੇ ਨਹੀਂ, ਸਾਡੀ ਅਣਗਹਿਲੀ ਨੇ ਦਿੱਤਾ ਸੀ। ਉਹਨਾਂ ਨੂੰ ਸਹਾਰਾ ਦਿਓ, ਕਿਉਂਕਿ ਉਹ ਸਰਾਪੀ ਨਹੀਂ ਉਹ ਸਾਡੇ ਹੀ ਭਰਾ-ਭੈਣ ਨੇ ਅਤੇ ਉਹਨਾਂ ਨੂੰ ਵੀ ਖੁਸ਼ੀਆਂ ਭਰੀ ਜ਼ਿੰਦਗੀ ਜਿਉਣ ਦਾ ਪੂਰਾ ਹੱਕ ਹੈ।

**# ਸੰਪਰਕ : 94177-14390**

# ਸੋਸ਼ਲ ਮੀਡੀਆ ਕੁਮੈਂਟਸ : ਬੋਲਣ ਦੀ ਆਜ਼ਾਦੀ ਦੇ ਨਾਂਅ 'ਤੇ ਨਫ਼ਰਤੀ ਜ਼ਹਿਰ



ਗੁਰਨੈਬ ਸਿੰਘ ਮਘਾਣੀਆਂ

ਸੋਸ਼ਲ ਮੀਡੀਆ ਅੱਜ ਦੇ ਸਮੇਂ ਦਾ ਸਭ ਤੋਂ ਤਾਕਤਵਰ ਹਥਿਆਰ ਹੈ। ਸੋਸ਼ਲ ਮੀਡੀਆ ਨੇ ਹਰ ਕਿਸੇ ਨੂੰ ਆਪਣੀ ਗੱਲ ਕਹਿਣ ਦਾ ਪਲੇਟਫਾਰਮ ਦਿੱਤਾ ਹੈ। ਜੇਕਰ ਸਹੀ ਤਰੀਕੇ ਨਾਲ ਇਸ ਦੀ ਵਰਤੋਂ ਕੀਤੀ ਜਾਂਦੀ ਹੈ ਤਾਂ ਇਹ ਸਮਾਜ ਲਈ ਬਹੁਤ ਸਾਰਥਿਕ ਰੋਲ ਅਦਾ ਕਰਦਾ ਹੈ, ਪਰ ਬੋਲਣ ਦੀ ਆਜ਼ਾਦੀ ਦੇ ਨਾਂਅ 'ਤੇ ਬਹੁਤ ਕੁਝ ਗਲਤ ਵੀ ਵਾਪਰ ਰਿਹਾ ਹੈ। ਸੋਸ਼ਲ ਮੀਡੀਆ 'ਤੇ ਹੁੰਦੀ ਜਨਤਕ ਬਹਿਸਬਾਜ਼ੀ ਵਿਚ ਅਜਿਹਾ ਕਿੰਨਾ ਹੀ ਦੇਖਣ-ਸੁਣਨ ਨੂੰ ਮਿਲਦਾ ਹੈ, ਜੋ ਮੁਦਿਆਂ ਨੂੰ ਸਮਝਣ, ਸਮਝਾਉਣ ਦੀ ਬਜਾਏ ਸਿਰਫ ਨਫਰਤੀ ਜ਼ਹਿਰ ਹੀ ਫੈਲਾਉਂਦਾ ਹੈ।

ਅਕਸਰ ਅਸੀਂ ਦੇਖਦੇ ਹਾਂ ਕਿ ਜਦੋਂ ਦਲੀਲਾਂ ਮੁੱਕ ਜਾਂਦੀਆਂ ਹਨ ਤਾਂ ਗਾਲ੍ਹਾਂ ਨਿਕਲਦੀਆਂ ਹਨ, ਜਦੋਂ ਤੱਥਾਂ ਦਾ ਕਾਲ ਪੈ ਜਾਂਦਾ ਹੈ ਤਾਂ ਅਫ਼ਵਾਹਾਂ ਦਾ ਹੜ੍ਹ ਆਉਂਦਾ ਹੈ ਅਤੇ ਜਦੋਂ ਬੰਦੇ ਦਾ ਕਿਰਦਾਰ ਕਮਜ਼ੋਰ ਹੁੰਦਾ ਹੈ ਤਾਂ ਉਹ ਦੂਜਿਆਂ ਦੀ ਇੱਜ਼ਤ ਉਛਾਲ ਕੇ ਆਪਣੇ ਆਪ ਨੂੰ ਬਹਾਦਰ ਸਾਬਤ ਕਰਨ ਲੱਗਦਾ ਹੈ, ਜਦੋਂ ਸ਼ਬਦਾਂ ਵਿੱਚੋਂ ਤਰਕ ਮਰ ਜਾਵੇ, ਗਾਲ੍ਹਾਂ ਵਿਚਾਰਾਂ ਦੀ ਥਾਂ ਲੈ ਲੈਣ ਅਤੇ ਉਕਸਾਹਟ ਨੂੰ ਬਹਾਦਰੀ ਸਮਝਿਆ ਜਾਣ ਲੱਗੇ, ਤਾਂ ਸਮਝ ਲੈਣਾ ਚਾਹੀਦਾ ਹੈ ਕਿ ਸਮਾਜ ਦੇ ਸੰਵਾਦ ਨੂੰ ਗੰਭੀਰ ਖ਼ਤਰਾ ਪੈਦਾ ਹੋ ਗਿਆ ਹੈ। ਅੱਜ ਸੋਸ਼ਲ ਮੀਡੀਆ ਉਤੇ ਫੈਲ ਰਹੀ ਭੱਦੀ, ਭੜਕਾਊ ਅਤੇ ਉਕਸਾਊ ਸ਼ਬਦਾਵਲੀ ਸਾਡੇ ਸਮਾਜ ਦੀ ਇਸੇ ਮਾਨਸਿਕ ਗਿਰਾਵਟ ਦਾ ਸ਼ੀਸ਼ਾ ਹੈ।

ਸੋਸ਼ਲ ਮੀਡੀਆ ਅੱਜ ਮਨੁੱਖੀ ਜੀਵਨ ਦਾ ਅਹਿਮ ਹਿੱਸਾ ਬਣ ਚੁੱਕਾ ਹੈ। ਇਸ ਨੇ ਆਮ ਆਦਮੀ ਨੂੰ ਆਪਣੀ ਗੱਲ ਕਹਿਣ, ਸੱਤਾ ਨੂੰ ਸਵਾਲ ਕਰਨ, ਸਮਾਜਿਕ ਬੁਰਾਈਆਂ ਵਿਰੁੱਧ ਆਵਾਜ਼ ਉਠਾਉਣ ਅਤੇ ਦੁਨੀਆ ਭਰ ਦੇ ਲੋਕਾਂ ਨਾਲ ਜੁੜਨ ਦਾ ਮੌਕਾ ਦਿੱਤਾ ਹੈ, ਪਰ ਅੱਜਕੱਲ੍ਹ ਸੋਸ਼ਲ ਮੀਡੀਆ ਵਿਚਾਰਾਂ ਦਾ ਮੰਚ ਘੱਟ ਤੇ ਜ਼ੁਬਾਨੀ ਜੰਗ ਦਾ ਅਖਾੜਾ ਵੱਧ ਬਣਦਾ ਜਾ ਰਿਹਾ ਹੈ। ਕਿਸੇ ਨੇ ਕੋਈ ਗੱਲ ਕਹੀ ਨਹੀਂ ਕਿ ਕੁਝ ਲੋਕ ਤੱਥਾਂ ਅਤੇ ਤਰਕਾਂ ਨਾਲ ਜਵਾਬ ਦੇਣ ਦੀ ਥਾਂ ਗਾਲ੍ਹਾਂ ਦੀ ਪਟਾਰੀ ਖੋਲ੍ਹ ਕੇ ਬੈਠ ਜਾਂਦੇ ਹਨ। ਕਿਸੇ ਦੇ ਵਿਚਾਰ ਪਸੰਦ ਨਹੀਂ ਤਾਂ ਉਸ ਦੇ ਪਰਵਾਰ ਨੂੰ ਘਸੀਟ ਲਿਆ ਜਾਂਦਾ ਹੈ, ਕਿਸੇ ਦੀ ਦਲੀਲ ਦਾ ਜਵਾਬ ਨਹੀਂ ਆਉਂਦਾ ਤਾਂ ਉਸ ਦੀ ਨਿੱਜੀ ਜ਼ਿੰਦਗੀ ਉਤੇ ਹਮਲਾ ਕਰ ਦਿੱਤਾ ਜਾਂਦਾ ਹੈ ਅਤੇ ਜਦੋਂ ਆਪਣੀ ਗੱਲ ਸਹੀ ਸਾਬਤ ਕਰਨ ਲਈ ਕੋਈ ਤਰਕ ਨਹੀਂ ਬਚਦਾ ਤਾਂ ਧਮਕੀਆਂ ਤੇ ਅਪਮਾਨ ਨੂੰ ਹੀ ਜਿੱਤ ਸਮਝ ਲਿਆ ਜਾਂਦਾ ਹੈ। ਫੇਕ ਆਈ ਡੀ ਬਣਾ ਕੇ ਲਗਾਤਾਰ ਮਹੌਲ ਖਰਾਬ ਕਰਨ ਵਾਲੀ ਜ਼ਹਿਰ ਉਗਲੀ ਜਾਂਦੀ ਹੈ। ਇਸ ਤੋਂ ਅਗਾਂਹ ਹਰ ਕਿਸੇ ਦੀ ਬਿਨਾ ਸੋਚੇ ਸਮਝੇ ਕਿਰਦਾਰਕੁਸ਼ੀ ਕਰਨਾ ਹਰ ਕਿਸੇ ਨੇ ਆਪਣਾ ਹੱਕ ਸਮਝ ਲਿਆ ਹੈ।

ਵਿਚਾਰਾਂ ਦੀ ਆਜ਼ਾਦੀ ਲੋਕਤੰਤਰ ਦੀ ਬੁਨਿਆਦ ਹੈ, ਪਰ ਕੋਈ ਵੀ ਆਜ਼ਾਦੀ ਆਪਣੀ ਜ਼ਿੰਮੇਵਾਰੀ ਤੋਂ ਵੱਖਰੀ ਨਹੀਂ ਹੋ ਸਕਦੀ। ਜੇ ਕਿਸੇ ਵਿਅਕਤੀ ਨੂੰ ਆਪਣੀ ਗੱਲ ਕਹਿਣ ਦਾ ਹੱਕ ਹੈ, ਤਾਂ ਦੂਜੇ ਵਿਅਕਤੀ ਨੂੰ ਬਿਨਾਂ ਅਪਮਾਨਤ ਹੋਏ ਆਪਣੀ ਗੱਲ ਸੁਣਾਉਣ ਅਤੇ ਆਪਣਾ ਪੱਖ ਰੱਖਣ ਦਾ ਹੱਕ ਵੀ ਤਾਂ ਹੈ।ਸਭ ਤੋਂ ਪਹਿਲਾਂ ਇਹ ਭਰਮ ਤੋੜਨ ਦੀ ਲੋੜ ਹੈ ਕਿ ਸੋਸ਼ਲ ਮੀਡੀਆ ਉੱਤੇ ਕਿਸੇ ਨੂੰ ਭੱਦੀ ਗਾਲ੍ਹ ਕੱਢ ਦੇਣਾ, ਉਸ ਦੀ ਬੇਇੱਜ਼ਤੀ ਕਰ ਦੇਣਾ ਜਾਂ ਉਸ ਨੂੰ ਧਮਕੀ ਦੇਣਾ ਕੋਈ ਵੱਡੀ ਪ੍ਰਾਪਤੀ ਹੈ। ਅਜਿਹਾ ਵਿਹਾਰ ਬਹਾਦਰੀ ਨਹੀਂ, ਸਗੋਂ ਆਪਣੇ ਗੁੱਸੇ, ਅਸਹਿਣਸ਼ੀਲਤਾ ਅਤੇ ਤਰਕਹੀਣਤਾ ਦਾ ਜਨਤਕ ਪ੍ਰਦਰਸ਼ਨ ਹੈ। ਆਜ਼ਾਦੀ ਦਾ ਅਰਥ ਇਹ ਨਹੀਂ ਕਿ ਕੋਈ ਵੀ ਵਿਅਕਤੀ ਕਿਸੇ ਨੂੰ ਵੀ ਕੁਝ ਕਹਿ ਦੇਵੇ ਅਤੇ ਫਿਰ ਆਪਣੇ ਵਿਹਾਰ ਨੂੰ ਵਿਚਾਰ ਪ੍ਰਗਟਾਉਣ ਦੀ ਆਜ਼ਾਦੀ ਦਾ ਨਾਂਅ ਦੇ ਦੇਵੇ। ਗਾਲ੍ਹ ਨੂੰ ਵਿਚਾਰ, ਧਮਕੀ ਨੂੰ ਦਲੇਰੀ ਅਤੇ ਨਫ਼ਰਤ ਨੂੰ ਸੱਚ ਕਹਿ ਦੇਣ ਨਾਲ ਉਨ੍ਹਾਂ ਦੀ ਪ੍ਰਕਿਰਤੀ ਨਹੀਂ ਬਦਲ ਜਾਂਦੀ।

ਜਿਸ ਵਿਅਕਤੀ ਕੋਲ ਤੱਥ ਹੁੰਦੇ ਹਨ, ਉਹ ਤੱਥ ਪੇਸ਼ ਕਰਦਾ ਹੈ। ਜਿਸ ਕੋਲ ਦਲੀਲ ਹੁੰਦੀ ਹੈ, ਉਹ ਦਲੀਲ ਦਿੰਦਾ ਹੈ, ਪਰ ਜਿਸ ਕੋਲ ਨਾ ਤੱਥ ਹੋਣ, ਨਾ ਦਲੀਲ ਅਤੇ ਨਾ ਹੀ ਆਪਣੇ ਵਿਚਾਰਾਂ 'ਤੇ ਭਰੋਸਾ, ਉਹ ਅਕਸਰ ਗਾਲ੍ਹਾਂ ਦੇ ਸ਼ੋਰ ਨਾਲ ਆਪਣੀ ਕਮਜ਼ੋਰੀ ਨੂੰ ਢੱਕਣ ਦੀ ਕੋਸ਼ਿਸ਼ ਕਰਦਾ ਹੈ। ਇਹ ਵੀ ਸਮਝਣਾ ਜ਼ਰੂਰੀ ਹੈ ਕਿ ਹਰ ਤਿੱਖੀ ਟਿੱਪਣੀ ਭੜਕਾਊ ਨਹੀਂ ਹੁੰਦੀ ਅਤੇ ਹਰ ਸਵਾਲ ਨਫ਼ਰਤ ਨਹੀਂ ਹੁੰਦਾ। ਸੱਤਾ, ਧਾਰਮਿਕ ਸੰਸਥਾਵਾਂ, ਸਮਾਜਿਕ ਰਵਾਇਤਾਂ ਅਤੇ ਪ੍ਰਭਾਵਸ਼ਾਲੀ ਵਿਅਕਤੀਆਂ ਦੀ ਆਲੋਚਨਾ ਕਰਨਾ ਲੋਕਤੰਤਰ ਦਾ ਜ਼ਰੂਰੀ ਹਿੱਸਾ ਹੈ, ਪਰ ਆਲੋਚਨਾ ਦਾ ਕੇਂਦਰ ਕਿਸੇ ਦੇ ਵਿਚਾਰ, ਫ਼ੈਸਲੇ ਜਾਂ ਕੰਮ ਹੋਣੇ ਚਾਹੀਦੇ ਹਨ, ਨਾ ਕਿ ਉਸ ਦੀ ਮਨੁੱਖੀ ਮਰਿਆਦਾ ਨੂੰ ਤਬਾਹ ਕਰਨਾ ਜਾਂ ਉਸ ਦੀ ਕਿਰਦਾਰਕੁਸ਼ੀ ਕਰਨੀ। ਦੁੱਖ ਦੀ ਗੱਲ ਇਹ ਹੈ ਕਿ ਅਜਿਹੇ ਲੋਕਾਂ ਨੂੰ ਸਵਾਲ ਪੁੱਛਣ ਦੀ ਥਾਂ ਕਈ ਵਾਰ ਸ਼ਾਬਾਸ਼ੀਆਂ ਮਿਲਦੀਆਂ ਹਨ। ਉਨ੍ਹਾਂ ਦੇ ਭੱਦੇ ਕੁਮੈਂਟਾਂ ਨੂੰ ਹਿੰਮਤ, ਉਨ੍ਹਾਂ ਦੀ ਬਦਤਮੀਜ਼ੀ ਨੂੰ ਦਲੇਰੀ ਅਤੇ ਉਨ੍ਹਾਂ ਦੀ ਨਫ਼ਰਤ ਨੂੰ ਸੱਚ ਬੋਲਣ ਦਾ ਨਾਂਅ ਦੇ ਦਿੱਤਾ ਜਾਂਦਾ ਹੈ। ਇਹ ਸਿਰਫ਼ ਸ਼ਬਦਾਂ ਦੀ ਗ਼ਲਤ ਵਰਤੋਂ ਨਹੀਂ, ਸਗੋਂ ਸਮਾਜਿਕ ਕਦਰਾਂ-ਕੀਮਤਾਂ ਦਾ ਵੀ ਘਾਣ ਹੁੰਦਾ ਹੈ।

ਭੜਕਾਊ ਕੁਮੈਂਟ ਕਰਨ ਵਾਲਿਆਂ ਦਾ ਸਭ ਤੋਂ ਪਸੰਦੀਦਾ ਬਹਾਨਾ ਹੁੰਦਾ ਹੈ—ਇਹ ਮੇਰੀ ਆਜ਼ਾਦੀ ਹੈ, ਮੈਂ ਜੋ ਮਰਜ਼ੀ ਕਹਾਂ, ਪਰ ਜੇ ਆਜ਼ਾਦੀ ਦਾ ਅਰਥ ਮਨਮਰਜ਼ੀ ਹੈ ਤਾਂ ਫਿਰ ਸਮਾਜਿਕ ਜ਼ਿੰਮੇਵਾਰੀ, ਮਨੁੱਖੀ ਮਰਿਆਦਾ ਅਤੇ ਕਾਨੂੰਨ ਦੀ ਲੋੜ ਹੀ ਕੀ ਰਹਿ ਜਾਂਦੀ ਹੈ? ਵਿਚਾਰਾਂ ਦੀ ਆਜ਼ਾਦੀ ਦਾ ਮਤਲਬ ਇਹ ਹੈ ਕਿ ਤੁਸੀਂ ਸਰਕਾਰ ਦੀ ਆਲੋਚਨਾ ਕਰ ਸਕਦੇ ਹੋ, ਧਾਰਮਿਕ ਜਾਂ ਸਮਾਜਿਕ ਰਵਾਇਤਾਂ 'ਤੇ ਸਵਾਲ ਉਠਾ ਸਕਦੇ ਹੋ, ਕਿਸੇ ਆਗੂ ਦੇ ਫ਼ੈਸਲੇ ਦਾ ਵਿਰੋਧ ਕਰ ਸਕਦੇ ਹੋ ਅਤੇ ਕਿਸੇ ਵੀ ਵਿਚਾਰਧਾਰਾ ਨਾਲ ਅਸਹਿਮਤੀ ਪ੍ਰਗਟਾ ਸਕਦੇ ਹੋ, ਪਰ ਇਸ ਦਾ ਮਤਲਬ ਇਹ ਨਹੀਂ ਕਿ ਤੁਹਾਨੂੰ ਕਿਸੇ ਦੀ ਇੱਜ਼ਤ ਲੀਰੋ-ਲੀਰ ਕਰਨ, ਉਸ ਨੂੰ ਡਰਾਉਣ ਜਾਂ ਕਿਸੇ ਸਮੂਹ ਵਿਰੁੱਧ ਨਫ਼ਰਤ ਭੜਕਾਉਣ ਦਾ ਖੁੱਲ੍ਹਾ ਲਾਇਸੈਂਸ ਮਿਲ ਗਿਆ ਹੈ। ਸਾਨੂੰ ਇਹ ਫ਼ਰਕ ਸਮਝਣਾ ਪਵੇਗਾ ਕਿ ਕਿਸੇ ਦੇ ਵਿਚਾਰਾਂ ਦਾ ਵਿਰੋਧ ਕਰਨਾ ਅਤੇ ਉਸ ਦੀ ਮਨੁੱਖੀ ਮਰਿਆਦਾ ਉੱਤੇ ਹਮਲਾ ਕਰਨਾ ਦੋ ਵੱਖਰੀਆਂ ਗੱਲਾਂ ਹਨ। ਕਿਸੇ ਦੀ ਦਲੀਲ ਨੂੰ ਗ਼ਲਤ ਸਾਬਤ ਕਰਨਾ ਬੌਧਿਕ ਜਿੱਤ ਹੈ; ਉਸ ਦੀ ਜਾਤ, ਧਰਮ, ਪਰਵਾਰ ਜਾਂ ਨਿੱਜੀ ਜੀਵਨ ਨੂੰ ਗਾਲ੍ਹਾਂ ਕੱਢਣਾ ਆਪਣੀ ਦਲੀਲ ਦੀ ਹਾਰ ਨੂੰ ਸ਼ੋਰ ਵਿੱਚ ਲੁਕਾਉਣ ਦੀ ਕੋਸ਼ਿਸ਼ ਹੈ। ਆਜ਼ਾਦੀ ਦੇ ਨਾਂਅ ਉੱਤੇ ਹਰ ਹੱਦ ਪਾਰ ਕਰਨ ਵਾਲਿਆਂ ਨੂੰ ਪੁੱਛਿਆ ਜਾਣਾ ਚਾਹੀਦਾ ਹੈ ਕਿ ਜੇ ਤੁਹਾਡੀ ਜ਼ੁਬਾਨ ਤੁਹਾਡੇ ਆਪਣੇ ਘਰ ਦੇ ਬਜ਼ੁਰਗਾਂ, ਬੱਚਿਆਂ ਜਾਂ ਪਰਵਾਰਕ ਮੈਂਬਰਾਂ ਲਈ ਵਰਤੀ ਜਾਵੇ ਤਾਂ ਕੀ ਤੁਸੀਂ ਉਸ ਨੂੰ ਵੀ ਆਜ਼ਾਦੀ ਕਹੋਗੇ? ਜੇ ਨਹੀਂ, ਤਾਂ ਫਿਰ ਦੂਜਿਆਂ ਲਈ ਇਹ ਦੋਹਰਾ ਮਾਪਦੰਡ ਕਿਉਂ?

ਕਿਸੇ ਭੱਦੇ ਕੁਮੈਂਟ ਦਾ ਲੇਖਕ ਇਕੱਲਾ ਨਹੀਂ ਹੁੰਦਾ; ਉਸ ਨੂੰ ਫੈਲਾਉਣ ਵਾਲੇ, ਉਸ ਦੇ ਹੱਕ ਵਿੱਚ ਜ਼ਹਿਰੀਲੀਆਂ ਟਿੱਪਣੀਆਂ ਕਰਨ ਵਾਲੇ ਅਤੇ ਉਸ ਦੀ ਬਦਤਮੀਜ਼ੀ ਨੂੰ ਮਨੋਰੰਜਨ ਸਮਝਣ ਵਾਲੇ ਵੀ ਉਸ ਦੇ ਪ੍ਰਭਾਵ ਨੂੰ ਵਧਾਉਂਦੇ ਹਨ। ਅੱਜ ਕਈ ਵਾਰ ਲੋਕ ਕਿਸੇ ਪੋਸਟ ਦੀ ਸੱਚਾਈ ਨਹੀਂ ਜਾਂਚਦੇ, ਸਗੋਂ ਇਹ ਦੇਖਦੇ ਹਨ ਕਿ ਉਹ ਪੋਸਟ ਉਨ੍ਹਾਂ ਦੇ ਆਪਣੇ ਧੜੇ ਦੇ ਹੱਕ ਵਿੱਚ ਹੈ ਜਾਂ ਵਿਰੋਧੀ ਧੜੇ ਦੇ ਖ਼ਿਲਾਫ਼। ਜੇ ਆਪਣਾ ਬੰਦਾ ਕਿਸੇ ਨੂੰ ਗਾਲ੍ਹ ਕੱਢੇ ਤਾਂ ਉਸ ਨੂੰ ਸ਼ੇਰ ਕਿਹਾ ਜਾਂਦਾ ਹੈ, ਪਰ ਜੇ ਉਹੀ ਗੱਲ ਵਿਰੋਧੀ ਕਰੇ ਤਾਂ ਉਸ ਨੂੰ ਬਦਤਮੀਜ਼ ਕਰਾਰ ਦਿੱਤਾ ਜਾਂਦਾ ਹੈ। ਇਹ ਨਿਆਂ ਨਹੀਂ, ਸਗੋਂ ਆਪਣੀ ਪਸੰਦ ਅਨੁਸਾਰ ਬਣਾਇਆ ਗਿਆ ਨੈਤਿਕ ਪਖੰਡ ਹੈ। ਜਿਹੜੇ ਲੋਕ ਹਰ ਭੜਕਾਊ ਪੋਸਟ ਨੂੰ ਬਿਨਾਂ ਸਮਝੇ ਸਾਂਝਾ ਕਰਦੇ ਹਨ, ਉਹ ਅਣਜਾਣੇ ਵਿੱਚ ਅਫ਼ਵਾਹਾਂ ਦੇ ਵਪਾਰੀ ਹੀ ਹੁੰਦੇ ਹਨ।

ਸੋਸ਼ਲ ਮੀਡੀਆ ਨੇ ਹਰ ਵਿਅਕਤੀ ਨੂੰ ਬੋਲਣ ਦਾ ਮੌਕਾ ਦਿੱਤਾ ਹੈ, ਪਰ ਹਰ ਵਿਅਕਤੀ ਨੇ ਇਸ ਮੌਕੇ ਦੀ ਜ਼ਿੰਮੇਵਾਰੀ ਨਾਲ ਵਰਤੋਂ ਕਰਨੀ ਨਹੀਂ ਸਿੱਖੀ। ਕੁਝ ਲੋਕਾਂ ਨੂੰ ਲੱਗਦਾ ਹੈ ਕਿ ਜੇ ਉਹ ਆਪਣੀ ਪਛਾਣ ਲੁਕਾ ਕੇ ਟਿੱਪਣੀ ਕਰਨਗੇ ਤਾਂ ਉਹਨਾਂ ਦੀ ਪਛਾਣ ਲੁਕੀ ਰਹੇਗੀ। ਹਾਂ, ਇਸ ਨਾਲ ਕੁਝ ਸਮੇਂ ਲਈ ਪਛਾਣ ਤਾਂ ਲੁਕੀ ਰਹਿ ਸਕਦੀ ਹੈ, ਪਰ ਸਾਡੀ ਮਾਨਸਿਕਤਾ ਨਹੀਂ, ਜਿਸ ਨੇ ਸਮਾਜਿਕ ਤੌਰ 'ਤੇ ਨਫਰਤ ਦਾ ਜ਼ਹਿਰ ਫੈਲਾਉਣ ਦਾ ਕਾਰਜ ਕਰਨਾ ਹੀ ਕਰਨਾ ਹੈ। ਦਰਅਸਲ ਇਹ ਸੋਚ ਖ਼ਤਰਨਾਕ ਹੈ। ਡਿਜੀਟਲ ਦੁਨੀਆ ਵਿੱਚ ਕੀਤੀ ਗਈ ਹਰ ਹਰਕਤ ਬੇਨਤੀਜਾ ਨਹੀਂ ਰਹਿੰਦੀ। ਕਿਸੇ ਨੂੰ ਲਗਾਤਾਰ ਨਿਸ਼ਾਨਾ ਬਣਾਉਣਾ, ਉਸ ਦੀ ਨਿੱਜੀ ਜਾਣਕਾਰੀ ਫੈਲਾਉਣਾ, ਧਮਕੀਆਂ ਦੇਣਾ ਜਾਂ ਝੂਠੇ ਦੋਸ਼ ਲਗਾਉਣਾ ਗੰਭੀਰ ਨਤੀਜੇ ਪੈਦਾ ਕਰ ਸਕਦਾ ਹੈ। ਕਿਤੇ ਨਾ ਕਿਤੇ ਬਹੁਤੇ ਲੋਕਾਂ ਦੀ ਗਲਤਫਹਿਮੀ ਇਹ ਵੀ ਹੁੰਦੀ ਹੈ ਕਿ ਉਹਨਾਂ ਨੂੰ ਲੱਗਦਾ ਹੈ ਕਿ ਉਹਨਾਂ ਦੀਆਂ ਇਹ ਹਰਕਤਾਂ ਕਾਨੂੰਨੀ ਅਪਰਾਧ ਨਹੀਂ ਹਨ, ਪਰ ਇੱਥੇ ਇਕ ਹੋਰ ਅਹਿਮ ਗੱਲ ਹੈ: ਹਰ ਤਿੱਖੀ ਆਲੋਚਨਾ ਨੂੰ ਜੁਰਮ ਕਰਾਰ ਦੇਣਾ ਵੀ ਗ਼ਲਤ ਹੈ। ਕਿਸੇ ਸਰਕਾਰ, ਆਗੂ, ਸੰਸਥਾ ਜਾਂ ਸਮਾਜਿਕ ਰਵਾਇਤ ਦੀ ਆਲੋਚਨਾ ਕਰਨਾ ਲੋਕਤੰਤਰ ਦਾ ਹਿੱਸਾ ਹੈ। ਕਾਰਵਾਈ ਨਫ਼ਰਤ ਜਾਂ ਸੱਤਾ ਦੀ ਨਾਰਾਜ਼ਗੀ ਦੇ ਆਧਾਰ ਉੱਤੇ ਨਹੀਂ, ਸਗੋਂ ਸਬੂਤਾਂ, ਕਾਨੂੰਨ ਅਤੇ ਨਿਆਂ ਦੇ ਸਿਧਾਂਤਾਂ ਅਨੁਸਾਰ ਹੋਣੀ ਚਾਹੀਦੀ ਹੈ।

ਸੋਸ਼ਲ ਮੀਡੀਆ ਕੰਪਨੀਆਂ ਨੂੰ ਵੀ ਆਪਣੀਆਂ ਸ਼ਿਕਾਇਤ ਪ੍ਰਣਾਲੀਆਂ ਪ੍ਰਭਾਵਸ਼ਾਲੀ ਬਣਾਉਣੀਆਂ ਚਾਹੀਦੀਆਂ ਹਨ। ਧਮਕੀਆਂ, ਨਿਸ਼ਾਨਾ ਬਣਾਉਣ ਅਤੇ ਨਫ਼ਰਤ ਫੈਲਾਉਣ ਵਾਲੀ ਸਮੱਗਰੀ ਵਿਰੁੱਧ ਨਿਯਮ ਪਾਰਦਰਸ਼ੀ ਹੋਣੇ ਚਾਹੀਦੇ ਹਨ। ਨਫ਼ਰਤ ਨੂੰ ਰੋਕਣ ਦੇ ਨਾਂਅ 'ਤੇ ਸੱਚੇ ਸਵਾਲਾਂ ਨੂੰ ਦਬਾਉਣਾ ਵੀ ਓਨਾ ਹੀ ਗ਼ਲਤ ਹੈ, ਜਿੰਨਾ ਆਜ਼ਾਦੀ ਦੇ ਨਾਂਅ 'ਤੇ ਕਿਸੇ ਦੀ ਇੱਜ਼ਤ ਨੂੰ ਕੁਚਲਣਾ। ਇਸ ਸਮੱਸਿਆ ਦਾ ਹੱਲ ਸਿਰਫ਼ ਸਰਕਾਰ, ਪੁਲਸ ਜਾਂ ਸੋਸ਼ਲ ਮੀਡੀਆ ਕੰਪਨੀਆਂ ਦੇ ਹੱਥ ਨਹੀਂ ਹੈ। ਹਰ ਵਰਤੋਂਕਾਰ ਨੂੰ ਆਪਣੀ ਜ਼ਿੰਮੇਵਾਰੀ ਸਮਝਣੀ ਪਵੇਗੀ। ਕੋਈ ਵੀ ਪੋਸਟ ਸਾਂਝੀ ਕਰਨ ਤੋਂ ਪਹਿਲਾਂ ਉਸ ਦੀ ਸੱਚਾਈ ਜਾਣੋ। ਗਾਲ੍ਹ ਦਾ ਜਵਾਬ ਗਾਲ੍ਹ ਨਾਲ ਦੇਣ ਦੀ ਥਾਂ ਤਰਕ ਨਾਲ ਦਿਓ। ਭੜਕਾਊ ਸਮੱਗਰੀ ਨੂੰ ਬਿਨਾਂ ਸੋਚੇ ਫੈਲਾਉਣ ਤੋਂ ਬਚੋ।

ਸਮਾਜ ਦੀ ਤੰਦਰੁਸਤੀ ਇਸ ਗੱਲ ਨਾਲ ਨਹੀਂ ਮਾਪੀ ਜਾਂਦੀ ਕਿ ਲੋਕ ਕਿੰਨੀ ਉੱਚੀ ਆਵਾਜ਼ ਵਿੱਚ ਬੋਲਦੇ ਹਨ, ਸਗੋਂ ਇਸ ਨਾਲ ਮਾਪੀ ਜਾਂਦੀ ਹੈ ਕਿ ਉਹ ਕਿੰਨੀ ਸੂਝ ਨਾਲ ਅਸਹਿਮਤੀ ਪ੍ਰਗਟਾਉਂਦੇ ਹਨ।

ਅੱਜ ਸਾਨੂੰ ਇਹ ਫ਼ੈਸਲਾ ਕਰਨਾ ਪਵੇਗਾ ਕਿ ਅਸੀਂ ਸੋਸ਼ਲ ਮੀਡੀਆ ਉੱਤੇ ਵਿਚਾਰਾਂ ਦਾ ਆਦਾਨ-ਪ੍ਰਦਾਨ ਕਰਨਾ ਹੈ ਜਾਂ ਆਪਣੀ ਨਫ਼ਰਤ ਦਾ ਨੰਗਾ ਪ੍ਰਦਰਸ਼ਨ। ਅਸੀਂ ਤੱਥਾਂ ਨਾਲ ਗੱਲ ਕਰਨੀ ਹੈ ਜਾਂ ਗਾਲ੍ਹਾਂ ਨਾਲ ਆਪਣੀ ਅਗਿਆਨਤਾ ਦਾ ਮੁਜ਼ਾਹਰਾ ਕਰਨਾ ਹੈ। ਅਸੀਂ ਸਮਾਜ ਨੂੰ ਜੋੜਨਾ ਹੈ ਜਾਂ ਆਪਣੀ ਕੁਝ ਪਲਾਂ ਦੀ ਤਸੱਲੀ ਲਈ ਲੋਕਾਂ ਵਿਚਕਾਰ ਜ਼ਹਿਰ ਘੋਲਣਾ ਹੈ। ਯਾਦ ਰੱਖੋ, ਕੁਮੈਂਟ ਲਿਖਣ ਲਈ ਕੁਝ ਸਕਿੰਟ ਲੱਗਦੇ ਹਨ, ਪਰ ਉਸ ਦੇ ਪ੍ਰਭਾਵ ਕਈ ਵਾਰ ਲੰਮਾ ਸਮਾਂ ਰਹਿ ਸਕਦੇ ਹਨ। ਇਸ ਲਈ ਹਰ ਸ਼ਬਦ ਤੋਂ ਪਹਿਲਾਂ ਸੋਚਣਾ ਕਮਜ਼ੋਰੀ ਨਹੀਂ, ਸਗੋਂ ਸਿਆਣਪ ਹੈ। ਹਰ ਅਸਹਿਮਤੀ ਨੂੰ ਦੁਸ਼ਮਣੀ ਬਣਾਉਣਾ ਬਹਾਦਰੀ ਨਹੀਂ, ਸਗੋਂ ਸੰਵਾਦ ਤੋਂ ਭੱਜਣਾ ਹੈ।

ਜ਼ੁਬਾਨ ਦੀ ਗੰਦਗੀ ਨੂੰ ਵਿਚਾਰਾਂ ਦੀ ਆਜ਼ਾਦੀ ਕਹਿਣਾ ਬੰਦ ਕਰੋ। ਤਰਕ ਨਾਲ ਵਿਰੋਧ ਕਰੋ, ਤੱਥਾਂ ਨਾਲ ਜਵਾਬ ਦਿਓ ਅਤੇ ਆਪਣੀ ਗੱਲ ਕਹਿਣ ਲਈ ਦੂਜੇ ਦੀ ਇੱਜ਼ਤ ਦਾ ਕਤਲ ਕਰਨਾ ਛੱਡੋ, ਕਿਉਂਕਿ ਅਸਲ ਬਹਾਦਰ ਉਹ ਨਹੀਂ, ਜੋ ਕਿਸੇ ਨੂੰ ਗਾਲ੍ਹ ਕੱਢ ਕੇ ਚੁੱਪ ਕਰਵਾ ਦੇਵੇ, ਅਸਲ ਬਹਾਦਰ ਉਹ ਹੈ, ਜੋ ਸਖ਼ਤ ਤੋਂ ਸਖ਼ਤ ਗੱਲ ਵੀ ਤਰਕ, ਸਲੀਕੇ ਅਤੇ ਨੈਤਿਕ ਹਿੰਮਤ ਨਾਲ ਕਹਿ ਸਕੇ।

**# ਸੰਪਰਕ : 98158-45405**

